17-JULY-PAGE-1.qxd 7/16/2023 8:35 PM Page 1

ਸੋਮਵਾਰ, 17 ਜੁਲਾਈ, 2023

2 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 46

# ਨਵਾਂ ਜ਼ਮਾਨਾ

DAILY NAWAN ZAMANA • MONDAY, 17 JULY, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਸਕੂਲ ਅੱਜ ਖੁੱਲ੍ਹ ਜਾਣਗੇ

**ਚੰਡੀਗੜ੍ਹ** : ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਐਤਵਾਰ ਕਿਹਾ ਕਿ 17 ਜੁਲਾਈ ਤੋਂ ਸਾਰੇ ਸਕੂਲ ਆਮ ਵਾਂਗ ਖੁੱਲਣਗੇ। ਉਨ੍ਹਾ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਪੰਚਾਇਤ, ਸਿੱਖਿਆ, ਸਥਾਨਕ ਸਰਕਾਰ, ਸਿੰਚਾਈ, ਲੋਕ ਨਿਰਮਾਣ ਤੇ ਹੋਰਨਾਂ ਵਿਭਾਗਾਂ ਨਾਲ ਤਾਲਮੇਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਸਰਕਾਰੀ/ ਏਡਿਡ/ ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਇਮਾਰਤਾਂ ਬੱਚਿਆਂ ਦੀ ਸੁਰੱਖਿਆ ਪੱਖੋਂ ਖਤਰੇ ਤੋਂ ਰਹਿਤ ਹਨ। ਸਕੂਲ ਮੁਖੀ ਅਤੇ ਪ੍ਰਬੰਧਕ ਕਮੇਟੀਆਂ ਵੀ ਯਕੀਨੀ ਬਣਾਉਣਗੀਆਂ ਕਿ ਇਮਾਰਤਾਂ ਵਿਦਿਆਰਥੀਆਂ ਵਾਸਤੇ ਸੁਰੱਖਿਅਤ ਹਨ ਅਤੇ ਉਹ ਹੀ ਵਿਦਿਆਰਥੀਆਂ ਦੀ ਹਰ ਕਿਸਮ ਦੀ ਸੁਰੱਖਿਆ ਬਾਰੇ ਜ਼ਿੰਮੇਵਾਰ ਹੋਣਗੀਆਂ। ਜੇ ਕਿਸੇ ਸਕੂਲ ਜਾਂ ਇਲਾਕੇ 'ਚ ਪਾਣੀ ਭਰਿਆ ਹੋਇਆ ਹੈ ਜਾਂ ਕਿਸੇ ਸਕੂਲ ਦੀ ਇਮਾਰਤ ਨੁਕਸਾਨੀ ਗਈ ਹੋਵੇ ਤਾਂ ਸਿਰਫ ਉਨ੍ਹਾਂ ਹੀ ਸਕੂਲਾਂ 'ਚ ਡਿਪਟੀ ਕਮਿਸ਼ਨਰ ਉੱਥੇ ਛੁੱਟੀ ਐਲਾਨਣਗੇ।

## 31 ਤੱਕ ਰਿਟਰਨ ਭਰ ਲਓ

**ਨਵੀਂ ਦਿੱਲੀ** : ਕਰ ਤੇ ਮਾਲੀਆ ਸਕੱਤਰ ਸੰਜੈ ਮਲਹੋਤਰਾ ਨੇ ਇਨਕਮ ਟੈਕਸਦਾਤਾਵਾਂ ਨੂੰ ਜਲਦੀ ਤੋਂ ਜਲਦੀ ਆਪਣੀ ਆਮਦਨ ਕਰ ਰਿਟਰਨ ਭਰਨ ਲਈ ਕਿਹਾ ਹੈ, ਕਿਉਂਕਿ ਵਿੱਤ ਮੰਤਰਾਲਾ 31 ਜੁਲਾਈ ਦੀ ਸਮਾਂ ਸੀਮਾ ਨੂੰ ਵਧਾਉਣ 'ਤੇ ਵਿਚਾਰ ਨਹੀਂ ਕਰ ਰਿਹਾ। ਉਨ੍ਹਾ ਕਿਹਾ—ਸਾਨੂੰ ਉਮੀਦ ਹੈ ਕਿ ਇਸ ਵਾਰ ਪਿਛਲੇ ਸਾਲ ਨਾਲੋਂ ਵੱਧ ਲੋਕ ਇਨਕਮ ਟੈਕਸ ਰਿਟਰਨ ਭਰਨਗੇ ਤੇ ਅੰਕੜਿਆਂ ਤੋਂ ਜ਼ਾਹਰ ਹੈ ਕਿ ਲੋਕ ਤੇਜ਼ੀ ਨਾਲ ਆਪਣੀਆਂ ਰਿਟਰਨਾਂ ਜਮ੍ਹਾਂ ਕਰਵਾ ਰਹੇ ਹਨ। ਪਿਛਲੇ ਸਾਲ 31 ਜੁਲਾਈ ਤੱਕ ਲਗਭਗ 5.83 ਕਰੋੜ ਜਣਿਆਂ ਨੇ ਇਨਕਮ ਟੈਕਸ ਰਿਟਰਨ ਭਰੀ ਸੀ।

## ਸਿਡਨੀ ਤੋਂ ਆ ਰਹੇ ਯਾਤਰੀ ਨੇ ਅਧਿਕਾਰੀ ਨੂੰ ਥੱਪੜ ਮਾਰਿਆ

**ਨਵੀਂ ਦਿੱਲੀ** : ਸਿਡਨੀ ਤੋਂ ਨਵੀਂ ਦਿੱਲੀ ਆ ਰਹੇ ਏਅਰ ਇੰਡੀਆ ਦੇ ਜਹਾਜ਼ ਵਿਚ ਇਕ ਯਾਤਰੀ ਨੇ ਅਧਿਕਾਰੀ ਨੂੰ ਥੱਪੜ ਮਾਰਿਆ ਤੇ ਉਸ ਦੀ ਖਿੱਚ-ਧੂਹ ਕੀਤੀ। ਅਧਿਕਾਰੀ ਨੇ ਉਸ ਨੂੰ ਉੱਚੀ ਆਵਾਜ਼ ਵਿਚ ਗੱਲ ਕਰਨ ਤੋਂ ਰੋਕਿਆ ਸੀ। ਦਿੱਲੀ ਏਅਰਪੋਰਟ 'ਤੇ ਇਸ ਯਾਤਰੀ ਨੂੰ ਹਿਰਾਸਤ 'ਚ ਲੈ ਲਿਆ ਗਿਆ। ਯਾਤਰੀ ਨੇ ਮਗਰੋਂ ਅਧਿਕਾਰੀ ਤੋਂ ਮੁਆਫੀ ਵੀ ਮੰਗੀ। ਮੀਡੀਆ ਰਿਪੋਰਟਾਂ ਅਨੁਸਾਰ ਇਹ ਘਟਨਾ 9 ਜੁਲਾਈ ਨੂੰ ਵਾਪਰੀ। ਏਅਰ ਇੰਡੀਆ ਨੇ ਇਸ ਸੰਬੰਧੀ ਡਾਇਰੈਕਟਰ ਜਨਰਲ ਆਫ ਸਿਵਲ ਏਵੀਏਸ਼ਨ ਨੂੰ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਹੈ।

## ਸੜਕ ਹਾਦਸੇ ਰੋਕਣ ਲਈ ਵਿਸ਼ੇਸ਼ ਫੋਰਸ ਨੂੰ 15 ਅਗਸਤ ਤੋਂ ਪਹਿਲਾਂ ਸਰਗਰਮ ਕਰਨ ਦੇ ਜਤਨ

**ਚੰਡੀਗੜ੍ਹ** : ਪੰਜਾਬ ਸਰਕਾਰ ਸੜਕੀ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਇੱਕ ਵਿਸ਼ੇਸ਼ ਫੋਰਸ ਤਿਆਰ ਕਰੇਗੀ, ਕਿਉਂਕਿ ਸੂਬੇ ਵਿਚ ਸੜਕ ਹਾਦਸਿਆਂ ਕਾਰਨ ਰੋਜ਼ਾਨਾ ਔਸਤਨ 12-14 ਜਾਨਾਂ ਜਾਂਦੀਆਂ ਹਨ। ਪੰਜਾਬ ਪੁਲਸ ਦੇ ਇਨ੍ਹਾਂ ਜਵਾਨਾਂ ਨੂੰ ਕੌਮੀ ਅਤੇ ਰਾਜ ਮਾਰਗਾਂ 'ਤੇ ਤਾਇਨਾਤ ਕੀਤਾ ਜਾਵੇਗਾ, ਜਿੱਥੇ ਹਰ ਸਾਲ 75 ਫੀਸਦੀ ਸੜਕ ਹਾਦਸੇ ਵਾਪਰਦੇ ਹਨ। ਇਕ ਅਧਿਕਾਰੀ ਨੇ ਦੱਸਿਆ ਕਿ ਇਸ ਫੋਰਸ ਵਿਚ ਲਗਭਗ 1300 ਮੁਲਾਜ਼ਮ ਹੋਣਗੇ, ਜੋ ਸਰੀਰ ਵਾਲੇ ਕੈਮਰੇ ਅਤੇ ਸ਼ਰਾਬ ਦੀ ਜਾਂਚ ਕਰਨ ਵਾਲੇ ਉਪਕਰਣਾਂ ਨਾਲ ਲੈਸ ਹੋਣਗੇ। ਇਸ ਫੋਰਸ ਨੂੰ ਵਾਹਨਾਂ ਦੀ ਸਪੀਡ ਚੈੱਕ ਕਰਨ ਲਈ ਇੰਟਰਸੈਪਟਰ ਵੀ ਦਿੱਤੇ ਜਾਣਗੇ। ਫੋਰਸ ਦੇ ਨੋਡਲ ਅਫਸਰ ਤੇ ਐਡੀਸ਼ਨਲ ਡੀ ਜੀ ਪੀ ਸ੍ਰੀ ਏ ਐੱਸ ਰਾਏ ਨੇ ਦੱਸਿਆ ਕਿ ਉਨ੍ਹਾ ਦੀ ਕੋਸ਼ਿਸ਼ ਹੈ ਕਿ ਇਹ ਫੋਰਸ 15 ਅਗਸਤ ਤੋਂ ਪਹਿਲਾਂ ਕੰਮ ਕਰਨਾ ਸ਼ੁਰੂ ਕਰ ਦੇਵੇ।

## ਕੈਨੇਡਾ ਦੇ ਲੋਕਾਂ ਨਾਲ ਠੱਗੀਆਂ ਮਾਰਨ ਵਾਲੇ 23 ਗ੍ਰਿਫਤਾਰ

**ਪਾਲਘਰ** : ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ 'ਚ ਚਲਾਏ ਜਾ ਰਹੇ ਇਕ ਫਰਜ਼ੀ ਕਾਲ ਸੈਂਟਰ ਦਾ ਪਰਦਾ ਫਾਸ਼ ਕੀਤਾ ਗਿਆ ਹੈ, ਜੋ ਕੈਨੇਡਾ 'ਚ ਲੋਕਾਂ ਨਾਲ ਠੱਗੀਆਂ ਮਾਰ ਰਿਹਾ ਸੀ। ਇਸ ਕਾਲ ਸੈਂਟਰ ਦੇ ਮੁਲਾਜ਼ਮ ਆਨਲਾਈਨ ਖਰੀਦ ਆਰਡਰ ਲਈ ਭੁਗਤਾਨ ਕਰਨ ਦੀ ਧਮਕੀ ਦੇ ਰਹੇ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਸੰਬੰਧ 'ਚ ਹੁਣ ਤੱਕ 23 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਸ਼ੁੱਕਰਵਾਰ-ਸਨਿੱਚਰਵਾਰ ਦੀ ਦਰਮਿਆਨੀ ਰਾਤ ਨੂੰ ਨਨੇ ਪਿੰਡ 'ਚ ਇੱਕ ਹਾਊਸਿੰਗ ਕੰਪਲੈਕਸ ਦੇ ਛੇ ਫਲੈਟਾਂ ਤੋਂ ਚੱਲ ਰਹੇ ਕਾਲ ਸੈਂਟਰ 'ਤੇ ਛਾਪਾ ਮਾਰਿਆ ਤੇ 23 ਜਣਿਆਂ ਨੂੰ ਗ੍ਰਿਫਤਾਰ ਕੀਤਾ। ਮੁਲਜ਼ਮਾਂ ਨੇ ਵੱਖ-ਵੱਖ ਐਪਸ ਜ਼ਰੀਏ ਗੈਰ-ਕਾਨੂੰਨੀ ਢੰਗ ਨਾਲ ਕੈਨੇਡਾ ਵਾਸੀਆਂ ਦੇ ਸੰਪਰਕ ਨੰਬਰ ਤੇ ਵੇਰਵੇ ਹਾਸਲ ਕੀਤੇ ਸਨ।

## ਬਿਜਲੀ ਤੇ ਪਾਣੀ ਸਪਲਾਈ ਦੀ ਬਹਾਲੀ ਲਈ ਜਤਨ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਦੇ ਹੜ੍ਹ ਦੀ ਮਾਰ ਹੇਠ ਆਏ ਕਈ ਖੇਤਰਾਂ 'ਚ ਪਾਣੀ ਘੱਟ ਹੋਣ ਤੋਂ ਬਾਅਦ ਬਿਜਲੀ ਦੀ ਬਹਾਲੀ ਤੇ ਨਿਯਮਤ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਅਤੇ ਨੁਕਸਾਨੇ ਗਏ ਬੁਨਿਆਦੀ ਢਾਂਚੇ ਦੀ ਮੁਰੰਮਤ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅਜੇ ਵੀ ਪੰਜਾਬ ਦੇ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਸਮੇਤ ਕਈ ਥਾਵਾਂ 'ਤੇ ਰਾਹਤ ਕਾਰਜ ਜਾਰੀ ਹਨ ਅਤੇ ਘੱਗਰ ਨਾਲ ਟੁੱਟੇ ਬੰਨ੍ਹਾਂ ਨੂੰ ਪੂਰਨ ਦੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਅਤੇ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿੱਚ ਪਿਛਲੇ ਹਫਤੇ ਪਏ ਭਾਰੀ ਮੀਂਹ ਕਾਰਨ ਆਮ ਜਨਜੀਵਨ ਪ੍ਰਭਾਵਿਤ ਹੋ ਗਿਆ ਹੈ ਅਤੇ ਰਿਹਾਇਸ਼ੀ ਤੇ ਵਾਹੀਯੋਗ ਜ਼ਮੀਨਾਂ ਦੇ ਵੱਡੇ ਹਿੱਸੇ ਹੜ੍ਹ ਦੀ ਮਾਰ ਹੇਠ ਆ ਗਏ ਹਨ।

# ਦਿੱਲੀ ਆਰਡੀਨੈਂਸ ਦਾ ਵਿਰੋਧ ਕਰਾਂਗੇ : ਕਾਂਗਰਸ

## ਕੇਜਰੀਵਾਲ ਤੇ ਮਾਨ ਬੈਂਗਲੂਰੂ ਮੀਟਿੰਗ 'ਚ ਸ਼ਾਮਲ ਹੋਣਗੇ

**ਨਵੀਂ ਦਿੱਲੀ** : ਕਾਂਗਰਸ ਨੇ ਐਤਵਾਰ ਸਪੱਸ਼ਟ ਕੀਤਾ ਕਿ ਉਹ ਦਿੱਲੀ ਵਿਚ ਪ੍ਰਸ਼ਾਸਕੀ ਸੇਵਾਵਾਂ ਆਪਣੇ ਕੰਟਰੋਲ 'ਚ ਲੈਣ ਦੇ ਕੇਂਦਰ ਦੇ ਆਰਡੀਨੈਂਸ ਦੀ ਹਮਾਇਤ ਨਹੀਂ ਕਰੇਗੀ ਅਤੇ ਦੇਸ਼ 'ਚ ਫੈਡਰਲਿਜ਼ਮ (ਸੰਘਵਾਦ) ਨੂੰ ਸਾਬੋਤਾਜ ਕਰਨ ਦੇ ਕੇਂਦਰ ਸਰਕਾਰ ਦੀ ਅਜਿਹੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕਰੇਗੀ।

ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਕਿ ਪਾਰਟੀ ਦਾ ਸਟੈਂਡ ਸਪੱਸ਼ਟ ਹੈ ਕਿ ਇਹ ਗਵਰਨਰਾਂ ਰਾਹੀਂ ਆਪੋਜ਼ੀਸ਼ਨ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਰਾਜਾਂ 'ਚ ਦਖਲ ਦੇਣ ਲਈ ਕੇਂਦਰ ਦੀ ਕਿਸੇ ਵੀ ਕੋਸ਼ਿਸ਼ ਦਾ ਵਿਰੋਧ ਕਰੇਗੀ ਅਤੇ ਇਸ ਨੇ ਫੈਸਲਾ ਕੀਤਾ ਹੈ ਕਿ ਜਦੋਂ ਵੀ ਦਿੱਲੀ ਬਾਰੇ ਆਰਡੀਨੈਂਸ ਸੰਸਦ 'ਚ ਪੇਸ਼ ਹੋਵੇਗਾ, ਉਸ ਦਾ ਵਿਰੋਧ ਕਰੇਗੀ।

ਵੇਣੂਗੋਪਾਲ ਨੇ ਕਿਹਾ—ਅਸੀਂ ਫੈਡਰਲਿਜ਼ਮ ਨੂੰ ਸਾਬੋਤਾਜ ਕਰਨ ਦੀਆਂ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਲਗਾਤਾਰ ਵਿਰੋਧ ਕਰਦੇ ਆ ਰਹੇ ਹਾਂ। ਅਸੀਂ ਕੇਂਦਰ ਸਰਕਾਰ ਵੱਲੋਂ ਆਪੋਜ਼ੀਸ਼ਨ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਗਵਰਨਰਾਂ ਰਾਹੀਂ ਚਲਾਉਣ ਦੇ ਰਵੱਈਏ ਦਾ ਲਗਾਤਾਰ ਵਿਰੋਧ ਕਰਦੇ ਆ ਰਹੇ ਹਾਂ। ਸਾਡਾ ਸਟੈਂਡ ਬਿਲਕੁਲ ਸਪੱਸ਼ਟ ਹੈ, ਅਸੀਂ ਦਿੱਲੀ ਆਰਡੀਨੈਂਸ ਦੀ ਹਮਾਇਤ ਨਹੀਂ ਕਰਾਂਗੇ।

ਵੇਣੂਗੋਪਾਲ ਨੇ ਕਿਹਾ ਕਿ ਕਾਂਗਰਸ ਸੰਸਦ ਵਿਚ ਪੇਸ਼ ਹੋਣ ਵਾਲੇ ਅਹਿਮ ਮਾਮਲਿਆਂ 'ਤੇ ਫੈਸਲਾ ਕਰਨ ਲਈ ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਸੰਸਦੀ ਰਣਨੀਤਕ ਕਮੇਟੀ ਦੀ ਮੀਟਿੰਗ ਕਰਦੀ ਹੈ। ਸ਼ਨੀਵਾਰ ਦੀ ਮੀਟਿੰਗ ਵਿਚ ਦਿੱਲੀ ਆਰਡੀਨੈਂਸ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ। ਉਮੀਦ ਹੈ ਕਿ ਹੁਣ ਆਮ ਆਦਮੀ ਪਾਰਟੀ ਆਪੋਜ਼ੀਸ਼ਨ ਪਾਰਟੀਆਂ ਦੀ ਬੇਂਗਲੁਰੂ ਵਿਚ ਹੋਣ ਜਾ ਰਹੀ ਮੀਟਿੰਗ 'ਚ ਹਿੱਸਾ ਲਏਗੀ।

ਪਿਛਲੇ ਮਹੀਨੇ ਪਟਨਾ ਵਿਚ ਹੋਈ ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਵਿਚ ਹਿੱਸਾ ਲੈਣ ਤੋਂ ਬਾਅਦ 'ਆਪ' ਨੇ ਕਿਹਾ ਸੀ ਕਿ ਜੇ ਕਾਂਗਰਸ ਨੇ ਦਿੱਲੀ ਆਰਡੀਨੈਂਸ ਦਾ ਵਿਰੋਧ ਕਰਨ ਦਾ ਐਲਾਨ ਨਾ ਕੀਤਾ ਤਾਂ ਉਹ ਸੋਚੇਗੀ ਕਿ ਅਗਲੀ ਮੀਟਿੰਗ ਵਿਚ ਸ਼ਾਮਲ ਹੋਣਾ ਕਿ ਨਹੀਂ।

ਕਾਂਗਰਸ ਦੇ ਐਲਾਨ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਸਾਂਸਦ ਤੇ ਬੁਲਾਰੇ ਰਾਘਵ ਚੱਢਾ ਨੇ ਟਵੀਟ ਕੀਤਾ ਹੈ—ਕਾਂਗਰਸ ਨੇ ਦਿੱਲੀ ਆਰਡੀਨੈਂਸ ਦੇ ਵਿਰੋਧ ਦਾ ਸਪੱਸ਼ਟ ਐਲਾਨ ਕੀਤਾ ਹੈ। ਇਹ ਉਸਾਰੂ ਘਟਨਾ ਹੈ।

ਇਸੇ ਦੌਰਾਨ 'ਆਪ' ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਮੀਟਿੰਗ ਤੋਂ ਬਾਅਦ ਚੱਢਾ ਨੇ ਕਿਹਾ—'ਆਪ' 17-18 ਜੁਲਾਈ ਨੂੰ ਬੈਂਗਲੁਰੂ ਵਿਚ ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ 'ਚ ਸ਼ਾਮਲ ਹੋਵੇਗੀ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਘਰ ਹੋਈ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਮੀਟਿੰਗ ਵਿਚ ਕੇਜਰੀਵਾਲ ਤੋਂ ਇਲਾਵਾ ਚੱਢਾ, ਗੋਪਾਲ ਰਾਇ ਤੇ ਆਤਿਸ਼ੀ ਸ਼ਾਮਲ ਹੋਏ। ਬੈਂਗਲੂਰੂ ਮੀਟਿੰਗ ਵਿਚ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਲ ਹੋਣਗੇ।

# ਕਿਸਾਨਾਂ ਦੇ ਨਜ਼ਰੀਏ ਨੂੰ ਸਮਝਣ ਦੀ ਲੋੜ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਐਤਵਾਰ ਕਿਹਾ ਕਿ ਕਿਸਾਨ ਭਾਰਤ ਦੀ ਤਾਕਤ ਹਨ ਅਤੇ ਦੇਸ਼ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ, ਜੇ ਅਸੀਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣੀਏ ਅਤੇ ਉਨ੍ਹਾਂ ਦੇ ਨਜ਼ਰੀਏ ਨੂੰ ਸਮਝੀਏ। ਰਾਹੁਲ ਨੇ ਸੋਸ਼ਲ ਮੀਡੀਆ 'ਤੇ ਹਰਿਆਣਾ ਦੇ ਸੋਨੀਪਤ ਦੇ ਮਦੀਨਾ ਪਿੰਡ 'ਚ ਝੋਨੇ ਦੇ ਖੇਤਾਂ ਦਾ ਦੌਰਾ ਕਰਦੇ ਹੋਏ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ, ਜੋ 8 ਜੁਲਾਈ ਨੂੰ ਬਣਾਈ ਗਈ ਸੀ। ਇਹ ਵੀਡੀਓ 12 ਮਿੰਟ ਦੀ ਹੈ, ਜੋ ਯੂਟਿਊਬ 'ਤੇ ਦੇਖੀ ਜਾ ਸਕਦੀ ਹੈ। ਵੀਡੀਓ 'ਚ ਰਾਹੁਲ ਕਿਸਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਗੱਲਬਾਤ ਕਰਦੇ ਹੋਏ ਖੇਤਾਂ 'ਚ ਹਲ ਵਾਹੁੰਦੇ ਹੋਏ ਤੇ ਝੋਨਾ ਲਾਉਂਦੇ ਹੋਏ ਦੇਖੇ ਜਾ ਸਕਦੇ ਹਨ। ਉਨ੍ਹਾ ਵੀਡੀਓ ਦੀ ਕਲਿੱਪ ਸਾਂਝੀ ਕਰਦਿਆਂ ਹਿੰਦੀ 'ਚ ਟਵੀਟ ਕੀਤਾ। ਇਸ ਤੋਂ ਇਲਾਵਾ ਕਾਂਗਰਸੀ ਆਗੂ ਸੋਨੀਆ ਗਾਂਧੀ ਤੇ ਪ੍ਰਿਅੰਕਾ ਗਾਂਧੀ ਦੀ ਵੀ ਅੱਜ-ਕੱਲ੍ਹ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਸੋਨੀਆ ਹਰਿਆਣਾ ਦੀਆਂ ਔਰਤਾਂ ਨਾਲ ਨੱਚਦੀ ਨਜ਼ਰ ਆ ਰਹੀ ਹੈ ਤੇ ਪ੍ਰਿਅੰਕਾ ਕਈ ਔਰਤਾਂ ਨੂੰ ਗਲੇ ਲਗਾ ਰਹੀ ਹੈ।

# ਸੰਗੀਤਾ ਫੋਗਾਟ ਨੇ ਦੇਸ਼ ਦਾ ਨਾਂਅ ਚਮਕਾਇਆ



**ਬੁਡਾਪੇਸਟ** : ਯੌਨ ਸ਼ੋਸ਼ਣ ਨੂੰ ਲੈ ਕੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਮੋਰਚੇ ਵਿਚ ਹਿੱਸਾ ਲੈਣ ਵਾਲੀ ਭਲਵਾਨ ਸੰਗੀਤਾ ਫੋਗਾਟ ਨੇ ਕੌਮਾਂਤਰੀ ਪਿੜ 'ਚ ਭਾਰਤ ਦਾ ਨਾਂਅ ਚਮਕਾਉਂਦਿਆਂ ਹੰਗਰੀ ਦੇ ਬੁਡਾਪੇਸਟ 'ਚ ਪੌਲੀਕ ਇਮਰੇ ਤੇ ਵਰਗਾ ਜਾਨੋਸ ਮੈਮੋਰੀਅਲ ਰੈਂਕਿੰਗ ਸੀਰੀਜ਼ ਕੁਸ਼ਤੀ ਚੈਂਪੀਅਨਸ਼ਿਪ 'ਚ ਹੰਗਰੀ ਦੀ ਵਿਕਟੋਰੀਆ ਬੋਰਸੋਸ ਨੂੰ ਹਰਾ ਕੇ 59 ਕਿੱਲੋ ਭਾਰ ਵਰਗ 'ਚ ਕਾਂਸੀ ਦਾ ਤਮਗਾ ਜਿੱਤਿਆ। ਸੰਗੀਤਾ ਨੇ ਤੀਜੇ ਤੇ ਚੌਥੇ ਸਥਾਨ ਲਈ ਹੋਏ ਮੁਕਾਬਲੇ 'ਚ ਬੋਰਸੋਸ ਨੂੰ 6-2 ਨਾਲ ਹਰਾਇਆ। ਸੰਗੀਤਾ ਉਲੰਪਿਕ ਕਾਂਸੀ ਤਮਗਾ ਜੇਤੂ ਬਜਰੰਗ ਪੂਨੀਆ ਦੀ ਪਤਨੀ ਹੈ।

# ਸੇਖੜੀ ਦੇ ਭਾਜਪਾ 'ਚ ਜਾਣ 'ਤੇ ਕਾਂਗਰਸੀਆਂ ਨੇ ਲੱਡੂ ਵੰਡੇ



**ਨਵੀਂ ਦਿੱਲੀ** : ਬਟਾਲਾ ਤੋਂ ਚਾਰ ਵਾਰ ਕਾਂਗਰਸੀ ਵਿਧਾਇਕ ਰਹਿ ਚੁੱਕੇ ਅਸ਼ਵਨੀ ਸੇਖੜੀ ਐਤਵਾਰ ਭਾਜਪਾ 'ਚ ਸ਼ਾਮਲ ਹੋ ਗਏ। ਉਹ ਪਰਵਾਰ ਸਣੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਪੁੱਜੇ।

ਸੇਖੜੀ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕੀਤਾ—ਬਸੰਤੀ ਦੇ ਟਾਂਗੇ 'ਚ ਸਵਾਰ ਹੋਣ ਲਈ ਇਕ ਹੋਰ ਸਵਾਰੀ ਅੱਜ ਦੁਪਹਿਰ ਸਾਢੇ 12 ਵਜੇ ਦਿੱਲੀ ਦੇ ਟਾਂਗਾ ਸਟੇਸ਼ਨ 'ਤੇ ਪੁੱਜ ਰਹੀ ਹੈ। ਅਸ਼ਵਨੀ ਸੇਖੜੀ ਵਾਸ਼ਿੰਗ ਮਸ਼ੀਨ ਲਈ ਤਿਆਰ...। ਜਿਵੇਂ ਹੀ ਸੇਖੜੀ ਦੇ ਭਾਜਪਾ 'ਚ ਸ਼ਾਮਲ ਹੋਣ ਦੀ ਖਬਰ ਮਿਲੀ, ਬਟਾਲਾ ਦੀ ਸਮੁੱਚੀ ਕਾਂਗਰਸ ਲੀਡਰਸ਼ਿਪ ਨੇ ਕਾਂਗਰਸ ਭਵਨ ਬਟਾਲਾ 'ਚ ਇਕੱਠੇ ਹੋ ਕੇ ਲੱਡੂ ਵੰਡ ਕੇ ਇਕ-ਦੂਜੇ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਮੁਬਾਰਕਾਂ ਦਿੱਤੀਆਂ। ਸੇਖੜੀ ਅਤੇ ਤ੍ਰਿਪਤ ਬਾਜਵਾ ਦੇ ਧੜਿਆਂ ਨਾਲ ਜੁੜੇ ਮੰਨੇ ਜਾਂਦੇ ਕਾਂਗਰਸੀ ਆਗੂ ਪਹਿਲੀ ਵਾਰ ਇਕ ਮੰਚ 'ਤੇ ਖੁੱਲ੍ਹ ਕੇ ਨਾਲ ਨਜ਼ਰ ਆਏ ਅਤੇ ਕਾਂਗਰਸ ਜ਼ਿੰਦਾਬਾਦ ਦੇ ਨਾਅਰੇ ਲਾਏ। ਬਟਾਲਾ ਸਿਟੀ ਕਾਂਗਰਸ ਪ੍ਰਧਾਨ ਸੰਜੀਵ ਸ਼ਰਮਾ ਤੇ ਨਗਰ ਨਿਗਮ ਬਟਾਲਾ ਦੇ ਮੇਅਰ ਸੁਖਦੀਪ ਸਿੰਘ ਤੇਜਾ ਨੇ ਕਿਹਾ ਕਿ ਸੇਖੜੀ ਦੇ ਭਾਜਪਾ 'ਚ ਜਾਣ ਨਾਲ ਕਾਂਗਰਸ ਅਤੇ ਖਾਸਕਰ ਬਟਾਲਾ ਕਾਂਗਰਸ ਨੂੰ ਕੋਈ ਘਾਟਾ ਨਹੀਂ ਪਿਆ, ਸਗੋਂ ਕਾਂਗਰਸ ਮਜ਼ਬੂਤ ਹੋਈ ਹੈ। ਹੁਣ ਬਟਾਲਾ ਕਾਂਗਰਸ ਦੀ ਧੜੇਬੰਦੀ ਖਤਮ ਹੋ ਗਈ ਹੈ, ਜੋ ਸੇਖੜੀ ਵੱਲੋਂ ਪਾਈ ਗਈ ਸੀ।

ਉਨ੍ਹਾਂ ਕਿਹਾ ਕਿ ਪਹਿਲਾਂ ਸੇਖੜੀ ਅਕਾਲੀ ਦਲ 'ਚ ਸ਼ਾਮਲ ਹੋਣ ਜਾ ਰਹੇ ਸਨ, ਫਿਰ ਖਬਰਾਂ ਆਈਆਂ ਕਿ ਆਮ ਆਦਮੀ ਪਾਰਟੀ ਨਾਲ ਗੱਲ ਹੋ ਰਹੀ ਹੈ ਅਤੇ ਹੁਣ ਉਹ ਭਾਜਪਾ 'ਚ ਸ਼ਾਮਲ ਹੋ ਗਏ ਹਨ।

# ਅਸ਼ੀਰਵਾਦ ਲੈਣ ਆਏ ਆਗੂਆਂ ਨਾਲ ਪਵਾਰ ਨੇ ਹੁੰਗਾਰਾ ਨਹੀਂ ਭਰਿਆ



**ਮੁੰਬਈ** : ਅਜੀਤ ਪਵਾਰ ਅਤੇ ਉਨ੍ਹਾ ਦੇ ਗੁੱਟ ਦੇ ਵਿਧਾਇਕ ਐਤਵਾਰ ਸ਼ਰਦ ਪਵਾਰ ਨਾਲ ਮੁਲਾਕਾਤ ਕਰਨ ਵਾਈ ਬੀ ਚਵਾਨ ਸੈਂਟਰ ਪੁੱਜੇ। ਮੁਲਾਕਾਤ ਦੇ ਬਾਅਦ ਅਜੀਤ ਗੁੱਟ ਵਾਲੀ ਐੱਨ ਸੀ ਪੀ ਦੇ ਆਗੂ ਪ੍ਰਫੁੱਲ ਪਟੇਲ ਨੇ ਕਿਹਾ ਕਿ ਉਨ੍ਹਾ ਸ਼ਰਦ ਪਵਾਰ ਤੋਂ ਅਸ਼ੀਰਵਾਦ ਲਿਆ ਤੇ ਅਪੀਲ ਕੀਤੀ ਕਿ ਐੱਨ ਸੀ ਪੀ ਦਾ ਸਾਥ ਦਿਓ ਅਤੇ ਮਜ਼ਬੂਤੀ ਨਾਲ ਅੱਗੇ ਵਧੋ। ਉਨ੍ਹਾ ਦੱਸਿਆ ਕਿ ਸ਼ਰਦ ਜੀ ਨੇ ਸ਼ਾਂਤ ਹੋ ਕੇ ਅਪੀਲ ਸੁਣੀ, ਪਰ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਸ਼ਰਦ ਪਵਾਰ ਦੀ ਪਾਰਟੀ ਨਾਲੋਂ ਨਾਤਾ ਤੋੜਨ ਮਗਰੋਂ ਅਜੀਤ ਪਵਾਰ ਅਤੇ ਐੱਨ ਸੀ ਪੀ ਦੇ ਅੱਠ ਹੋਰ ਆਗੂਆਂ ਨੇ 2 ਜੁਲਾਈ ਨੂੰ ਸ਼ਿਵ ਸੈਨਾ (ਸ਼ਿੰਦੇ) ਤੇ ਭਾਜਪਾ ਗੱਠਜੋੜ ਵਾਲੀ ਵਜ਼ਾਰਤ ਦੇ ਮੰਤਰੀ ਵਜੋਂ ਹਲਫ ਲਿਆ ਸੀ।

## ਸਿਹਤ ਮੰਤਰੀ ਵੱਲੋਂ ਜਲੰਧਰ, ਫਿਰੋਜ਼ਪੁਰ ਤੇ ਫਰੀਦਕੋਟ ਦਾ ਦੌਰਾ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਿਹਤ ਮੰਤਰੀ ਬਲਬੀਰ ਸਿੰਘ ਨੇ ਜਲੰਧਰ, ਫਿਰੋਜ਼ਪੁਰ ਜ਼ਿਲ੍ਹਿਆਂ ਦੇ ਦੌਰੇ ਕਰਨ ਉਪਰੰਤ ਐਤਵਾਰ ਫਰੀਦਕੋਟ ਫੇਰੀ ਦੌਰਾਨ ਹੜ੍ਹਾਂ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜ਼ਮੀਨੀ ਪੱਧਰ 'ਤੇ ਜਾਣਕਾਰੀ ਇਕੱਤਰ ਕੀਤੀ। ਉਨ੍ਹਾ ਕਿਹਾ ਕਿ ਭਾਵੇਂ ਇਸ ਜ਼ਿਲ੍ਹੇ ਵਿੱਚ ਹੜ੍ਹਾਂ ਦਾ ਓਨਾ ਪ੍ਰਭਾਵ ਨਹੀਂ, ਜਿੰਨਾ ਸੂਬੇ ਦੇ ਹੋਰ ਜ਼ਿਲ੍ਹਿਆਂ ਵਿਚ ਹੈ। ਜਿੱਥੇ ਪਾਣੀ ਦਾ ਪੱਧਰ ਵਧ ਰਿਹਾ ਹੈ, ਫਿਰ ਵੀ ਅਗੇਤੇ ਪ੍ਰਬੰਧਾਂ ਸੰਬੰਧੀ ਉਹ ਫਰੀਦਕੋਟ ਪਹੁੰਚੇ ਹਨ। ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਲੋਕਾਂ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਅਤੇ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸਿਹਤ ਤੇ ਪਰਵਾਰ ਭਲਾਈ, ਮੈਡੀਕਲ ਸਿੱਖਿਆ, ਖੋਜ ਅਤੇ ਚੋਣ ਮੰਤਰੀ ਡਾ. ਬਲਬੀਰ ਸਿੰਘ ਨੇ ਅਸ਼ੋਕ ਚੱਕਰ ਹਾਲ ਡੀ ਸੀ ਦਫਤਰ ਫਰੀਦਕੋਟ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਆਈ ਐੱਮ ਏ ਅਤੇ ਧਾਰਮਕ ਤੇ ਸਮਾਜਿਕ ਜਥੇਬੰਦੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਜ਼ਿਲ੍ਹੇ ਅੰਦਰ ਹੜ੍ਹ ਪ੍ਰਭਾਵਤ ਖੇਤਰਾਂ ਦੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਮੈਡੀਕਲ ਸੁਵਿਧਾਵਾਂ ਸੰਬੰਧੀ ਵੀ ਜਾਇਜ਼ਾ ਲਿਆ।

# ਪੌਂਗ ਡੈਮ ਦੇ ਫਲੱਡ ਗੇਟ ਖੋਲ੍ਹੇ



**ਹੁਸ਼ਿਆਰਪੁਰ** : ਪੌਂਗ ਡੈਮ ਦੀ ਮਹਾਰਾਣਾ ਪ੍ਰਤਾਪ ਝੀਲ ਦਾ ਐਤਵਾਰ ਜਲ ਪੱਧਰ 1370.03 ਪਹੁੰਚਣ ਤੋਂ ਬਾਅਦ ਬੀ ਬੀ ਐੱਮ ਬੀ ਨੇ 6 ਫਲੱਡ ਗੇਟ ਖੋਲ੍ਹ ਕੇ ਬਿਆਸ ਨਦੀ ਵਿਚ 22300 ਕਿਉਸਿਕ ਪਾਣੀ ਛੱਡਿਆ। ਹਿਮਾਚਲ ਵਿਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਪੌਂਗ ਡੈਮ ਦਾ ਵਾਟਰ ਲੈਵਲ ਦਿਨ ਪ੍ਰਤੀ ਦਿਨ ਵੱਧ ਰਿਹਾ ਹੈ, ਜਿਸ ਦੇ ਕਾਰਨ ਬੀ ਬੀ ਐੱਮ ਬੀ ਵਲੋਂ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਪਾਣੀ ਛੱਡੇ ਜਾਣ ਦੀ ਉਮੀਦ ਹੈ। ਬੀ ਬੀ ਐੱਮ ਬੀ ਪ੍ਰਸਾਸਨ ਨੇ ਪਾਣੀ ਛੱਡਣ ਦੀ ਜਾਣਕਾਰੀ ਸੰਬੰਧਤ ਸੂਬਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਦੇ ਦਿੱਤੀ ਸੀ।

# ਸਾਂ ਫਰਾਂਸਿਸਕੋ 'ਚ ਖਾਲਿਸਤਾਨ ਸਮਰਥਕਾਂ ਖਿਲਾਫ ਪ੍ਰਦਰਸ਼ਨ




**ਸਾਂ ਫਰਾਂਸਿਸਕੋ (ਅਮਰੀਕਾ)** ਇੱਥੇ ਭਾਰਤੀ ਕੌਂਸਲਖਾਨੇ 'ਚ ਬੀਤੇ ਦਿਨੀਂ ਖਾਲਿਸਤਾਨ ਸਮਰਥਕਾਂ ਵੱਲੋਂ ਸਾੜਫੂਕ ਦੀ ਕੋਸ਼ਿਸ਼ ਕੀਤੇ ਜਾਣ ਮਗਰੋਂ ਵੱਡੀ ਗਿਣਤੀ 'ਚ ਭਾਰਤੀ-ਅਮਰੀਕੀਆਂ ਨੇ ਭਾਰਤ ਨਾਲ ਇੱਕਜੁਟਤਾ ਪ੍ਰਗਟਾਉਣ ਲਈ ਕੌਂਸਲਖਾਨੇ ਸਾਹਮਣੇ ਸ਼ਾਂਤੀਪੂਰਨ ਰੈਲੀ ਕੀਤੀ। ਖਾਲਿਸਤਾਨ ਸਮਰਥਕਾਂ ਨੇ 2 ਜੁਲਾਈ ਨੂੰ ਟਵਿੱਟਰ 'ਤੇ ਪੋਸਟ ਕੀਤੀ ਇੱਕ ਵੀਡੀਓ 'ਚ ਸਾਂ ਫਰਾਂਸਿਸਕੋ 'ਚ ਭਾਰਤੀ ਕੌਂਸਲਖਾਨੇ 'ਚ ਅਗਜ਼ਨੀ ਦੀ ਘਟਨਾ ਦਿਖਾਈ ਸੀ। ਬੀਤੇ ਦਿਨ ਸਾਂ ਫਰਾਂਸਿਸਕੋ ਅਤੇ ਇਸ ਦੇ ਨੇੜਲੇ ਖੇਤਰਾਂ ਤੋਂ ਵੱਡੀ ਗਿਣਤੀ 'ਚ ਭਾਰਤੀ-ਅਮਰੀਕੀਆਂ ਨੇ ਭਾਰਤ ਦੀ ਹਮਾਇਤ ਕੀਤੀ ਅਤੇ ਹਾਲੀਆ ਹਿੰਸਕ ਕਾਰਵਾਈਆਂ ਖਿਲਾਫ ਕੌਂਸਲਖਾਨੇ ਦੇ ਬਾਹਰ ਸ਼ਾਂਤੀਪੂਰਨ ਰੈਲੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹੇ ਕਰਨ ਦੀ ਮੰਗ ਕੀਤੀ। ਦੱਸਣਯੋਗ ਹੈ ਕਿ ਭਾਰਤ ਨੇ ਕੈਨੇਡਾ, ਬਰਤਾਨੀਆ ਅਤੇ ਅਮਰੀਕਾ ਵਰਗੇ ਆਪਣੇ ਭਾਈਵਾਲ ਦੇਸ਼ਾਂ ਨੂੰ ਕਿਹਾ ਹੈ ਕਿ ਉਹ ਕੱਟੜਪੰਥੀ ਖਾਲਿਸਤਾਨੀ ਵਿਚਾਰਧਾਰਾ ਨੂੰ ਤਵੱਜੋ ਨਾ ਦੇਣ, ਕਿਉਂਕਿ ਇਹ ਦੁਵੱਲੇ ਸਬੰਧਾਂ ਲਈ ਚੰਗੀ ਨਹੀਂ ਹੈ।

# ਮੋਗਾ 'ਚ ਦਿਨ-ਦਿਹਾੜੇ ਗੋਲੀਆਂ ਮਾਰ ਕੇ ਬਜ਼ੁਰਗ ਦੀ ਹੱਤਿਆ



**ਮੋਗਾ** : ਚਾਰ ਨੌਜਵਾਨਾਂ ਨੇ ਐਤਵਾਰ ਇੱਥੇ ਇਕ ਬਜ਼ੁਰਗ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਵਾਰਦਾਤ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈ, ਜੋ ਕਰੀਬ 12.15 ਵਜੇ ਦੀ ਹੈ। ਸੰਤੋਖ ਸਿੰਘ (60) ਨੂੰ ਤਿੰਨ-ਚਾਰ ਗੋਲੀਆਂ ਮਾਰੀਆਂ ਗਈਆਂ। ਸੰਤੋਖ ਸਿੰਘ ਦੀ ਪਤਨੀ ਮਹਿੰਦਰ ਕੌਰ ਨੇ ਦੱਸਿਆ ਕਿ ਉਹ ਟੀ ਵੀ ਦੇਖ ਰਹੇ ਸਨ। ਦਰਵਾਜ਼ਾ ਖੜਕਿਆ ਤਾਂ ਉਸ ਨੇ ਬਾਹਰ ਦੇਖਿਆ। ਕੁਝ ਨੌਜਵਾਨਾਂ ਨੇ ਉਨ੍ਹਾਂ ਦੇ ਵੱਡੇ ਬੇਟੇ ਦਾ ਨਾਂਅ ਲੈ ਕੇ ਕਿਹਾ ਕਿ ਉਨ੍ਹਾਂ ਨੂੰ ਉਸ ਨੇ ਭੇਜਿਆ ਹੈ। ਏਨੇ 'ਚ ਪਤੀ ਸੰਤੋਖ ਸਿੰਘ ਵੀ ਦਰਵਾਜ਼ੇ ਕੋਲ ਆ ਗਿਆ। ਹਮਲਾਵਰਾਂ ਨੇ ਗੋਲੀਆਂ ਚਲਾ ਕੇ ਉਸ ਨੂੰ ਮੌਕੇ ਉੱਤੇ ਹੀ ਮਾਰ ਦਿੱਤਾ। ਦੱਸਿਆ ਗਿਆ ਹੈ ਕਿ ਹਮਲਾਵਰ ਵਰਨਾ ਕਾਰ 'ਤੇ ਆਏ ਸਨ।

ਕੱਚਾ ਦੁਸਾਂਝ ਰੋਡ ਮੋਗਾ ਦੇ ਰਹਿਣ ਵਾਲੇ ਸੰਤੋਖ ਸਿੰਘ ਦਾ ਬੇਟਾ ਸੁਖਦੇਵ ਸਿੰਘ ਉਰਫ ਸੇਬਾ ਔਜਲਾ ਕਿਸੇ ਅਪਰਾਧਕ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ, ਜਦਕਿ ਛੋਟਾ ਬੇਟਾ ਧਰਮਕੋਟ ਵਿਖੇ ਮਕੈਨਿਕ ਦਾ ਕੰਮ ਕਰਦਾ ਹੈ। ਅਪੁਸ਼ਟ ਖਬਰਾਂ ਮੁਤਾਬਕ ਕਾਤਲ ਸੰਤੋਖ ਸਿੰਘ ਦੇ ਛੋਟੇ ਬੇਟੇ 'ਤੇ ਹਮਲੇ ਦੀ ਤਾਕ ਵਿਚ ਆਏ ਸਨ ਅਤੇ ਉਨ੍ਹਾਂ ਸੰਤੋਖ ਸਿੰਘ ਤੋਂ ਉਸ ਦੇ ਛੋਟੇ ਬੇਟੇ ਮੋਹਣੇ ਬਾਰੇ ਪੁੱਛਿਆ, ਪਰ ਉਹ ਘਰ ਨਾ ਹੋਣ ਕਰਕੇ ਕਾਤਲਾਂ ਨੇ ਸੰਤੋਖ ਸਿੰਘ 'ਤੇ ਹੀ ਗੋਲੀਆਂ ਚਲਾ ਦਿੱਤੀਆਂ। ਮੋਹਣਾ ਵੀ ਕੁਝ ਸਮਾਂ ਪਹਿਲਾਂ ਜੇਲ੍ਹ 'ਚੋਂ ਛੁੱਟ ਕੇ ਆਇਆ ਹੈ।

## ਅੱਜ-ਨਾਮਾ

ਆਗੂ ਛੱਡ ਗਿਆ ਹੋਰ ਇੱਕ ਕਾਂਗਰਸ ਨੂੰ,
ਜਾਣੇ ਕਈ ਹੋਰ ਹਨ ਸੁਣੀਂਦੇ ਛੱਡ ਮੀਆਂ।
ਜਿਹੜੇ ਕਹਿੰਦੇ ਸਨ ਕਾਂਗਰਸ ਮਾਂ ਵਰਗੀ,
ਹੋਏ ਨੇ ਸਹਿਜ ਨਾਲ ਮਾਂ ਤੋਂ ਅੱਡ ਮੀਆਂ।
ਲੁਕਵਾਂ ਸੌਦਾ ਜਿਹਾ ਮਾਰ ਆ ਛੱਡ ਜਾਂਦੇ,
ਵੇਖ ਰਹੇ ਲੋਕ ਹਨ ਅੱਖੀਆਂ ਟੱਡ ਮੀਆਂ।
ਕਈ ਤਾਂ ਪਏ ਹਨ ਇੰਜ ਮਹਿਸੂਸ ਕਰਦੇ,
ਪਿਛਵਾੜੇ ਖਾਤਾ ਤੇ ਸਾਹਮਣੇ ਖੱਡ ਮੀਆਂ।
ਨਹੀਂ ਹਨ ਸਾਫ ਦਿਲ ਜਾਪਦੇ ਜਾਣ ਵਾਲੇ,
ਦੁਚਿੱਤੀ ਬਾਕੀਆਂ ਮੂਹਰੇ ਹੈ ਖੜੀ ਮੀਆਂ।
ਰਹਿਣਾ ਈ ਪਾਰਟੀ ਨਾਲ ਜਾਂ ਚਲੇ ਜਾਣਾ,
ਫੈਸਲਾ ਕਰਨ ਦੀ ਔਖੀ ਹੈ ਘੜੀ ਮੀਆਂ।

-ਤੀਸ ਮਾਰ ਖਾਂ

# 54 ਦਿਨਾਂ ਦੌਰਾਨ ਸਰਕਾਰੀ ਦਫਤਰਾਂ 'ਚ 10,800 ਮੈਗਾਵਾਟ ਬਿਜਲੀ ਦੀ ਬਚਤ ਕੀਤੀ : ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਨੇ ਸਿੱਖਿਆ ਦੇ ਖੇਤਰ ਵਿੱਚ ਸਫਲਤਾ ਦੀ ਨਵੀਂ ਕਹਾਣੀ ਲਿਖੀ ਹੈ। ਭਾਰਤੀ ਪੁਲਾੜ ਅਤੇ ਖੋਜ ਸੰਸਥਾ (ਇਸਰੋ) ਕੇਂਦਰ ਸ੍ਰੀਹਰਿਕੋਟਾ ਤੋਂ ਚੰਦਰਯਾਨ-3 ਦੀ ਲਾਈਵ ਲਾਂਚਿੰਗ ਨੂੰ ਦੇਖਣ ਵਾਸਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਪੰਜਾਬ ਮੁਫਤ ਟੂਰ ਕਰਵਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ।

ਭਾਰਤੀ ਪੁਲਾੜ ਵਿਗਿਆਨ ਪ੍ਰੋਗਰਾਮ ਦੇ ਦੌਰੇ ਤੋਂ ਦਿਲਚਸਪ ਤਜਰਬੇ ਲੈ ਕੇ ਪਰਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਕੇ ਉਨ੍ਹਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾ ਦੱਸਿਆ ਕਿ ਸਕੂਲਜ਼ ਆਫ ਐਮੀਨੈਂਸ 'ਚੋਂ ਚੁਣੇ ਗਏ 15 ਲੜਕੇ ਅਤੇ 15 ਲੜਕੀਆਂ ਸਮੇਤ 30 ਵਿਦਿਆਰਥੀਆਂ ਦਾ ਬੈਚ ਇਸ ਯਾਤਰਾ ਲਈ ਭੇਜਿਆ ਗਿਆ ਸੀ। ਮਾਨ ਨੇ ਕਿਹਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿਦਿਆਰਥੀਆਂ ਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਹਵਾਈ ਜਹਾਜ਼ ਵਿੱਚ ਸਫਰ ਕੀਤਾ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੇ ਸਫਰ, ਖਾਣ-ਪੀਣ ਅਤੇ ਰਹਿਣ ਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਚੁੱਕਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਦਿਆਰਥੀ ਅਤੇ ਉਨ੍ਹਾਂ ਨਾਲ ਗਏ ਅਧਿਆਪਕ ਉਸੇ ਹੋਟਲ ਵਿੱਚ ਠਹਿਰੇ ਸਨ, ਜਿੱਥੇ ਸਿੱਖਿਆ ਮੰਤਰੀ ਹਰਜੋਤ ਬੈਂਸ ਠਹਿਰੇ ਸਨ। ਇਸਰੋ ਆਉਣ ਵਾਲੇ ਦਿਨਾਂ ਵਿੱਚ ਲਗਭਗ 13 ਵੱਖ-ਵੱਖ ਪ੍ਰੋਜੈਕਟਾਂ 'ਤੇ ਹੋਰ ਪੁਲਾੜ ਅਤੇ ਮਿਜ਼ਾਈਲ ਪ੍ਰੋਗਰਾਮਾਂ ਦਾ ਆਯੋਜਨ ਕਰੇਗਾ, ਜਿਸ ਵਿੱਚ ਸੂਬੇ ਦੇ ਹੋਰ ਵਿਦਿਆਰਥੀਆਂ ਨੂੰ ਵਿਗਿਆਨ ਅਤੇ ਤਕਨਾਲੋਜੀ ਬਾਰੇ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਭੇਜਿਆ ਜਾਵੇਗਾ।

ਉਹਨਾ ਕਿਹਾ ਕਿ ਇਹ ਬੜੇ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਇਸਰੋ ਨੇ ਸੂਬੇ ਵਿੱਚ ਸਪੇਸ ਮਿਊਜ਼ੀਅਮ ਸਥਾਪਤ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ।

ਪੰਜਾਬ ਵਿੱਚ ਇਸ ਪ੍ਰੋਜੈਕਟ ਦੀ ਸਥਾਪਨਾ ਲਈ ਸੂਬਾ ਸਰਕਾਰ ਇਸਰੋ ਨੂੰ ਪੂਰਾ ਸਹਿਯੋਗ ਦੇਵੇਗੀ।

ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ 23 ਜੁਲਾਈ ਨੂੰ ਸਕੂਲ ਪ੍ਰਿੰਸੀਪਲਾਂ ਦੇ ਦੋ ਗਰੁੱਪਾਂ ਨੂੰ ਸਿੰਗਾਪੁਰ ਭੇਜਿਆ ਜਾਵੇਗਾ, ਤਾਂ ਜੋ ਉਹ ਉਥੋਂ ਦੀ ਸਿੱਖਿਆ ਪ੍ਰਣਾਲੀ ਨੂੰ ਦੇਖ ਕੇ ਨਵਾਂ ਅਨੁਭਵ ਲੈ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਜਲਦ ਹੀ ਸਰਕਾਰੀ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਲਈ ਬੱਸ ਸੇਵਾ ਸ਼ੁਰੂ ਕਰੇਗੀ। ਉਨ੍ਹਾ ਕਿਹਾ ਕਿ ਇਸ ਸਕੀਮ ਦਾ ਉਦੇਸ਼ ਵਿਦਿਆਰਥਣਾਂ ਨੂੰ ਸਰਕਾਰੀ ਸਕੂਲਾਂ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਲਈ ਸਹੂਲਤ ਪ੍ਰਦਾਨ ਕਰਨਾ ਹੈ। ਇਹ ਕਦਮ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੀਆਂ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗਾ, ਤਾਂ ਜੋ ਉਹ ਸਿੱਖਿਆ ਦੇ ਖੇਤਰ ਵਿੱਚ ਸੂਬੇ ਦਾ ਨਾਂਅ ਰੌਸ਼ਨ ਕਰ ਸਕਣ।

ਉਹਨਾ ਕਿਹਾ ਕਿ ਗਰਮੀਆਂ ਦੇ ਪੀਕ ਸੀਜ਼ਨ ਦੌਰਾਨ ਸਰਕਾਰੀ ਦਫਤਰਾਂ ਦਾ ਸਮਾਂ ਬਦਲ ਕੇ ਸਵੇਰੇ 7:30 ਵਜੇ ਤੋਂ ਦੁਪਹਿਰ 2 ਵਜੇ ਤੱਕ ਕਰਨ ਦੇ ਫੈਸਲੇ ਦੇ ਹਾਂ-ਪੱਖੀ ਨਤੀਜੇ ਸਾਹਮਣੇ ਆਏ ਹਨ, ਕਿਉਂਕਿ ਪੰਜਾਬ ਨੇ ਪਿਛਲੇ 54 ਦਿਨਾਂ ਦੌਰਾਨ 52,000 ਸਰਕਾਰੀ ਦਫਤਰਾਂ ਵਿੱਚ 10,800 ਮੈਗਾਵਾਟ ਬਿਜਲੀ ਦੀ ਬਚਤ ਕੀਤੀ ਹੈ।

ਇਸ ਦੌਰਾਨ ਸ੍ਰੀਹਰੀਕੋਟਾ ਦੇ ਦੌਰੇ ਤੋਂ ਵਾਪਸ ਪਰਤੇ ਵਿਦਿਆਰਥੀਆਂ ਨੇ ਉਨ੍ਹਾਂ ਵਾਸਤੇ ਵਿਗਿਆਨਕ ਗਿਆਨ ਅਤੇ ਤਜਰਬੇ ਦੇ ਨਵੇਂ ਰਾਹ ਖੋਲ੍ਹਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ ਦੌਰੇ ਦੌਰਾਨ ਗ੍ਰਹਿਆਂ, ਮਿਜ਼ਾਈਲਾਂ ਅਤੇ ਹੋਰ ਯੰਤਰਾਂ ਬਾਰੇ ਵਿਸ਼ਾਲ ਤਜਰਬਾ ਹਾਸਲ ਕੀਤਾ। ਵਿਦਿਆਰਥੀਆਂ ਨੇ ਟੂਰ ਦੌਰਾਨ ਉਨ੍ਹਾਂ ਦੀ ਆਰਾਮਦਾਇਕ ਠਹਿਰ ਅਤੇ ਯਾਤਰਾ ਲਈ ਪੁਖਤਾ ਪ੍ਰਬੰਧ ਕਰਨ ਵਾਸਤੇ ਸੂਬਾ ਸਰਕਾਰ ਦੀ ਸ਼ਲਾਘਾ ਵੀ ਕੀਤੀ।



CMYK

16-July-PAGE-4.qxd 7/16/2023 9:31 PM Page 1

ਨਵਾਂ ਜ਼ਮਾਨਾ
ਸੋਮਵਾਰ, 17 ਜੁਲਾਈ 2023

# ਅਗਿਆਨੀ ਵਿਗਿਆਨੀ

ਪਿਛਲੇ ਦਿਨੀਂ ਭਾਰੀ ਮੀਂਹ ਤੋਂ ਬਾਅਦ ਪਟਿਆਲਾ ਵਿੱਚ ਆਏ ਹੜ੍ਹ ਮੌਕੇ ਪਟਿਆਲੇ ਰਾਜ ਘਰਾਣੇ ਦੀ ਨੂੰਹ ਪ੍ਰਨੀਤ ਕੌਰ ਵੱਲੋਂ ਨਦੀ ਵਿੱਚ ਨੱਥ ਤੇ ਚੂੜਾ ਚੜ੍ਹਾ ਕੇ ਚੜ੍ਹਦੇ ਪਾਣੀ ਨੂੰ ਨੱਥ ਪਾਉਣ ਦਾ ਉਸ਼ਟੰਡ ਕੀਤਾ ਗਿਆ ਸੀ। ਇਹ ਪਹਿਲੀ ਵਾਰ ਨਹੀਂ, ਜਦੋਂ ਵੀ ਇਸ ਨਦੀ ਵਿੱਚ ਹੜ੍ਹ ਆਉਂਦਾ ਹੈ, ਹਰ ਵਾਰੀ ਰਾਜ ਘਰਾਣੇ ਦੇ ਮੈਂਬਰਾਂ ਵੱਲੋਂ ਇਹੋ ਰਸਮ ਨਿਭਾਈ ਜਾਂਦੀ ਰਹੀ ਹੈ। ਇਹ ਕੋਈ ਨਵੀਂ ਗੱਲ ਨਹੀਂ, ਰਾਜ ਦੀ ਹੋਂਦ ਦੇ ਨਾਲ ਹੀ ਇਹ ਵਰਤਾਰਾ ਸ਼ੁਰੂ ਹੋ ਗਿਆ ਸੀ। ਸੱਤਾਧਾਰੀ ਜਮਾਤ ਧਰਮ ਤੇ ਅੰਧ-ਵਿਸ਼ਵਾਸ ਨੂੰ ਫੈਲਾ ਕੇ ਹੀ ਆਪਣੀ ਸੱਤਾ ਦੀ ਉਮਰ ਲੰਮੀ ਕਰਦੀ ਰਹੀ ਹੈ। ਅੱਜ ਵੀ ਇਹੋ ਵਰਤਾਰਾ ਲਗਾਤਾਰ ਜਾਰੀ ਹੈ। ਹਰ ਉਦਘਾਟਨ ਮੌਕੇ ਨਾਰੀਅਲ ਫੋੜਨਾ ਤੇ ਧਾਰਮਕ ਰਸਮਾਂ ਕਰਨੀਆਂ ਇਸੇ ਵਰਤਾਰੇ ਨੂੰ ਜਿਊਂਦਾ ਰੱਖਣ ਦਾ ਜ਼ਰੀਆ ਹੁੰਦੇ ਹਨ। ਨਦੀ ਵਿੱਚ ਨੱਥ ਤੇ ਚੂੜਾ ਚੜ੍ਹਾਉਣਾ ਵੀ ਲੋਕਾਂ ਵਿੱਚ ਫੈਲੇ ਅੰਧ-ਵਿਸ਼ਵਾਸਾਂ ਨੂੰ ਪੱਕਾ ਕਰਨ ਦਾ ਹੀ ਇੱਕ ਮਨਸੂਬਾ ਹੈ।

ਲੋਕਾਂ ਨੂੰ ਅੰਧ-ਵਿਸ਼ਵਾਸਾਂ ਦੀ ਦਲਦਲ ਵਿੱਚੋਂ ਸਿਰਫ਼ ਅਧਿਆਪਕ ਤੇ ਵਿਗਿਆਨੀ ਹੀ ਕੱਢ ਸਕਦੇ ਹਨ। ਸਾਡੇ ਦੇਸ਼ ਦੀ ਹਾਲਤ ਇਹ ਹੈ ਕਿ ਇਹ ਦੋਵੇਂ ਖੁਦ ਅੰਧ-ਵਿਸ਼ਵਾਸਾਂ ਤੋਂ ਖਹਿੜਾ ਨਹੀਂ ਛੁਡਾ ਸਕੇ। ਤੁਸੀਂ ਦੇਖੋਗੇ ਕਿ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕ, ਖਾਸ ਕਰ ਇਸਤਰੀ ਅਧਿਆਪਕਾਵਾਂ ਸਕੂਲ ਵਿੱਚ ਪੁੱਜਣ ਤੋਂ ਬਾਅਦ ਸਭ ਤੋਂ ਪਹਿਲਾਂ ਅਖਬਾਰ ਖੋਲ੍ਹ ਕੇ ਰਾਸ਼ੀਫਲ ਦੇਖਦੇ ਹਨ। ਇਸੇ ਤਰ੍ਹਾਂ ਇੱਕ ਡਾਕਟਰ ਆਪਣਾ ਕਲੀਨਕ ਖੋਲ੍ਹਣ ਸਮੇਂ ਸਭ ਤੋਂ ਪਹਿਲਾਂ ਲਛਮੀ ਜਾਂ ਕਿਸੇ ਹੋਰ ਗੁਰੂ ਦੀ ਪੂਜਾ ਕਰਦਾ ਹੈ, ਤਾਂ ਜੋ ਉਸ ਦਿਨ ਵੱਧ ਤੋਂ ਵੱਧ ਮਰੀਜ਼ ਆਉਣ।

ਦੋ ਕੁ ਦਿਨ ਪਹਿਲਾਂ ਸਾਡੇ ਦੇਸ਼ ਦੇ ਵਿਗਿਆਨੀਆਂ ਦੀ ਮਿਹਨਤ ਕਾਰਨ ਅਸੀਂ ਚੰਦਰਯਾਨ-3 ਛੱਡਣ ਵਿੱਚ ਕਾਮਯਾਬ ਹੋਏ ਹਾਂ। ਹਕੀਕਤ ਇਹ ਹੈ ਕਿ ਚੰਦਰਯਾਨ ਮਿਸ਼ਨ ਦੀ ਕਾਮਯਾਬੀ ਵਿੱਚ ਲੱਗੇ ਵਿਗਿਆਨੀਆਂ ਨੂੰ ਵੀ ਆਪਣੀ ਮਿਹਨਤ ਅਤੇ ਅਕਲ ਉੱਤੇ ਭਰੋਸਾ ਨਹੀਂ ਹੈ। ਚੰਦਰਯਾਨ ਨੂੰ ਛੱਡਣ ਤੋਂ ਪਹਿਲਾਂ ਉਨ੍ਹਾਂ ਨੇ ਕਾਲਪਨਿਕ ਰੱਬ ਦੀ ਪੂਜਾ ਕੀਤੀ, ਤਾਂ ਜੋ ਉਹ ਮਿਸ਼ਨ ਦੀ ਕਾਮਯਾਬੀ ਵਿੱਚ ਸਹਾਇਤਾ ਕਰੇ। ਵਿਗਿਆਨੀਆਂ ਦੀ ਇੱਕ ਟੀਮ ਨੇ ਆਂਧਰਾ ਪ੍ਰਦੇਸ਼ ਦੇ ਤ੍ਰਿਪੁਤੀ ਵੈਂਕਟਾਚਲਮ ਮੰਦਰ ਜਾ ਕੇ ਪੂਜਾ ਅਰਚਨਾ ਕੀਤੀ। ਹੁਣ ਇਨ੍ਹਾਂ ਕਥਿਤ ਵਿਗਿਆਨੀਆਂ ਬਾਰੇ ਕੀ ਕਹੀਏ, ਜਾਂ ਤਾਂ ਉਹ ਖੁਦ ਅਗਿਆਨੀ ਹਨ ਤੇ ਜਾਂ ਫਿਰ ਸੱਤਾਧਾਰੀਆਂ ਨੂੰ ਖੁਸ਼ ਕਰਨ ਲਈ ਇਹ ਗੈਰ-ਵਿਗਿਆਨੀਆਂ ਕਰਮ ਕਰ ਰਹੇ ਸਨ।

ਸਾਡੇ ਸੰਵਿਧਾਨ ਵਿੱਚ ਵੀ ਵਿਗਿਆਨਕ ਦ੍ਰਿਸ਼ਟੀਕੋਣ ਦੀ ਗੱਲ ਕਹੀ ਗਈ ਹੈ, ਪਰ ਸਾਰੇ ਕੰਮ ਇਸ ਦੇ ਉਲਟ ਹੋ ਰਹੇ ਹਨ। ਸੰਵਿਧਾਨ ਦੇ ਮੌਲਿਕ ਫਰਜ਼ਾਂ ਵਿੱਚ ਲਿਖਿਆ ਗਿਆ ਹੈ ਕਿ ਹਰ ਨਾਗਰਿਕ ਦਾ ਫ਼ਰਜ਼ ਹੈ ਕਿ ਉਹ, 'ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਵਾਦ, ਗਿਆਨ ਪ੍ਰਾਪਤੀ ਤੇ ਸੁਧਾਰ ਦੀ ਭਾਵਨਾ ਦਾ ਵਿਕਾਸ ਕਰੇ।' ਇਸ ਦੇ ਬਾਵਜੂਦ ਸਾਡੇ ਵਿਗਿਆਨਕ ਵਿਗਿਆਨੀ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਦਫ਼ਨ ਕਰਨ ਵਿੱਚ ਲੱਗੇ ਹੋਏ ਹਨ।

ਜਿਨ੍ਹਾਂ ਵਿਗਿਆਨੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜ ਨੂੰ ਅੰਧ-ਵਿਸ਼ਵਾਸਾਂ ਵਿੱਚੋਂ ਕੱਢਣ, ਅਗਰ ਉਹੀ ਅੰਧ-ਵਿਸ਼ਵਾਸੀ ਹੋ ਜਾਣ ਤਾਂ ਸਮਾਜ ਦਾ ਵਿਕਾਸ ਰੁਕ ਜਾਂਦਾ ਹੈ। ਲੋਕ ਗਿਆਨ ਵਿਹੂਣੇ ਹੋ ਕੇ ਅੰਧ-ਵਿਸ਼ਵਾਸਾਂ ਵਿੱਚ ਡੁੱਬੇ ਰਹਿਣਗੇ। ਲੋਕ ਕਿਸਮਤ ਦਾ ਆਸਰਾ ਤੱਕਦੇ ਹੋਏ ਅੱਗੇ ਵਧਣਾ ਭੁੱਲ ਜਾਣਗੇ। ਇਸ ਲਈ ਬੁੱਧੀਜੀਵੀ ਵਰਗ ਦੀ ਜ਼ਿੰਮੇਵਾਰੀ ਹੈ ਕਿ ਉਹ ਖੁਦ ਅੰਧ-ਵਿਸ਼ਵਾਸਾਂ ਤੋਂ ਬਚਣ ਤੇ ਦੂਜਿਆਂ ਨੂੰ ਬਚਾਉਣ। ਇਸ ਨਾਲ ਹੀ ਉਹ ਬਿਹਤਰ ਸਮਾਜ ਦੇ ਨਿਰਮਾਣ ਵਿੱਚ ਆਪਣੀ ਸਾਰਥਕ ਭੂਮਿਕਾ ਨਿਭਾਅ ਸਕਦੇ ਹਨ।

-ਚੰਦ ਫਤਿਹਪੁਰੀ

# ਹੜ੍ਹ ਕੁਦਰਤੀ ਕਰੋਪੀ ਜਾਂ ਵਿਵਸਥਾ ਦਾ ਸੰਤਾਪ



ਗੁਰਚਰਨ ਸਿੰਘ ਨੂਰਪੁਰ

ਉੱਤਰੀ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਲੱਖਾਂ ਲੋਕ ਇਸ ਸਮੇਂ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਹੜ੍ਹ ਦੇ ਪਾਣੀ ਨਾਲ ਹੋਏ ਨੁਕਸਾਨ ਤੇ ਹੰਡਾਏ ਜਾ ਰਹੇ ਸੰਤਾਪ ਦੀ ਪੀੜ ਪਾਣੀ ਦੇ ਲਹਿ ਜਾਣ ਤੱਕ ਹੀ ਸਮਾਪਤ ਨਹੀਂ ਹੋ ਜਾਂਦੀ। ਲੋਕਾਂ ਦੇ ਮੁੜ ਪੈਰਾਂ ਸਿਰ ਖੜੇ ਹੋਣ ਲਈ ਮਹੀਨੇ ਲੱਗ ਜਾਂਦੇ ਹਨ ਤੇ ਨੁਕਸਾਨ ਦੀ ਭਰਪਾਈ ਲਈ ਸਾਲ ਵੀ ਲੱਗ ਜਾਂਦੇ ਹਨ। ਹਿਮਾਚਲ, ਹਰਿਆਣਾ, ਉਤਰਾਖੰਡ ਅਤੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਕੁਦਰਤ ਕਹਿਰਵਾਨ ਹੋਈ ਹੈ ਅਤੇ ਲੋਕਾਂ ਨੂੰ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਕੀ ਇਹ ਸਾਰਾ ਵਰਤਾਰਾ ਕੁਦਰਤੀ ਕਰੋਪੀ ਹੀ ਹੈ ਜਾਂ ਮਨੁੱਖ ਆਪਣੀਆਂ ਕੀਤੀਆਂ ਦਾ ਖਮਿਆਜ਼ਾ ਭੁਗਤ ਰਿਹਾ ਹੈ?

ਮਨੁੱਖੀ ਸੱਭਿਅਤਾਵਾਂ ਨਦੀਆਂ, ਦਰਿਆਵਾਂ ਦੇ ਕੰਢਿਆਂ 'ਤੇ ਵਿਕਸਤ ਹੋਈਆਂ। ਧਰਤੀ 'ਤੇ ਜੇਕਰ ਦਰਿਆ ਨਾ ਹੁੰਦੇ ਤਾਂ ਮਨੁੱਖੀ ਸੱਭਿਅਤਾ ਵੀ ਵਿਕਸਤ ਨਾ ਹੁੰਦੀ। ਅਸੀਂ ਸਾਰੇ ਧਰਤੀ ਦੇ ਪਿੰਡੇ 'ਤੇ ਪਲਣ ਵਾਲੇ ਜੀਅ-ਜੰਤ ਹਾਂ। ਧਰਤੀ ਆਪਣੇ ਆਪ ਵਿੱਚ ਇੱਕ ਜੀਵਨ ਹੈ, ਭਾਵ ਧਰਤੀ ਆਪਣੇ ਆਪ ਵਿੱਚ ਇੱਕ ਜ਼ਿੰਦਾ ਗ੍ਰਹਿ ਹੈ। ਜੇਕਰ ਦੂਜੇ ਗ੍ਰਹਿਆਂ ਵਾਂਗ ਧਰਤੀ ਵੀ ਸੁੰਨਸਾਨ ਹੁੰਦੀ, ਇੱਥੇ ਪੌਣ ਪਾਣੀ, ਇਸ ਦੁਆਲੇ ਹਵਾਵਾਂ ਦਾ ਗਿਲਾਫ, ਨਦੀਆਂ, ਝੀਲਾਂ, ਸਮੁੰਦਰ, ਰੁੱਖਾਂ ਤੇ ਬਨਸਪਤੀ ਦੀ ਹਰਿਆਲੀ ਨਾ ਹੁੰਦੀ ਤਾਂ ਇਹ ਧਰਤੀ ਵੀ ਬੇਜਾਨ ਹੋਣੀ ਸੀ ਅਤੇ ਮਨੁੱਖ ਸਮੇਤ ਸਾਰੇ ਜੀਵ-ਜੰਤੂਆਂ ਦਾ ਸੰਸਾਰ ਵੀ ਨਹੀਂ ਹੋਣਾ ਸੀ। ਧਰਤੀ ਦੇ ਜ਼ਿੰਦਾ ਰਹਿਣ ਲਈ ਇਹ ਬੜਾ ਜ਼ਰੂਰੀ ਹੈ ਕਿ ਧਰਤੀ ਲਈ ਕੁਦਰਤੀ ਸਾਜ਼ਗਾਰ ਮਾਹੌਲ ਬਣਿਆ ਰਹੇ। ਜਿਵੇਂ ਅਸੀਂ ਆਖਦੇ ਹਾਂ ਰੁੱਖ ਧਰਤੀ ਦੇ ਫੇਫੜੇ ਹਨ, ਬਿਲਕੁਲ ਇਸੇ ਤਰ੍ਹਾਂ ਨਦੀਆਂ, ਦਰਿਆ, ਨੈਆਂ, ਵੇਈਆਂ ਧਰਤੀ ਦੀਆਂ ਛੋਟੀਆਂ-ਵੱਡੀਆਂ ਨਾੜਾਂ ਹਨ, ਜੋ ਧਰਤੀ ਦੇ ਵੱਖ-ਵੱਖ ਭਾਗਾਂ ਨੂੰ ਜ਼ਿੰਦਾ ਤੇ ਹਰਾ ਭਰਾ ਰੱਖਣ ਲਈ ਸਮੇਂ-ਸਮੇਂ 'ਤੇ ਆਪਣਾ ਆਪਣਾ ਵੱਡਾ ਰੋਲ ਅਦਾ ਕਰਦੀਆਂ ਹਨ। ਕੁਦਰਤ ਬੜੀ ਬੇਅੰਤ ਹੈ, ਕੁਦਰਤ ਨੂੰ ਸਮਝਣ ਲਈ ਮਨੁੱਖ ਨੂੰ ਕਈ ਜਨਮ ਚਾਹੀਦੇ ਹਨ। ਬੇਸ਼ੱਕ ਸਾਡੇ ਕੋਲ ਅਜਿਹੀਆਂ ਆਧੁਨਿਕ ਤਕਨੀਕਾਂ ਹਨ, ਜਿਹਨਾਂ ਰਾਹੀਂ ਕਿਸੇ ਇਲਾਕੇ ਵਿੱਚ ਮੀਂਹ ਪੈਣ ਜਾਂ ਨਾ ਪੈਣ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ, ਪਰ ਇਸ ਦੇ ਬਾਵਜੂਦ ਮਨੁੱਖ ਕੁਦਰਤ ਦੀ ਥਾਹ ਪਾਉਣ ਤੋਂ ਅਜੇ ਕੋਹਾਂ ਦੂਰ ਹੈ। ਮੌਜੂਦਾ ਘਟਨਾਕ੍ਰਮ ਦੀ ਹੀ ਜੇਕਰ ਗੱਲ ਕਰ ਲਈਏ ਤਾਂ ਕਿਸੇ ਹੜ੍ਹ ਦੇ ਸੰਤਾਪ ਤੋਂ ਹਫਤਾ ਪਹਿਲਾਂ ਕਿਸੇ ਨੂੰ ਚਿੱਤਚੇਤਾ ਨਹੀਂ ਸੀ ਕਿ ਉਤਰੀ ਭਾਰਤ ਦੇ ਹਿਮਾਚਲ, ਹਰਿਆਣਾ, ਪੰਜਾਬ ਅਤੇ ਉਤਰਾਖੰਡ ਵਿੱਚ ਪਾਣੀ ਨਾਲ ਏਨੀ ਵਿਆਪਕ ਤਬਾਹੀ ਹੋਣ ਵਾਲੀ ਹੈ।

ਅਖੌਤੀ ਆਧੁਨਿਕਤਾ ਦੇ ਇਸ ਦੌਰ ਵਿੱਚ ਅਸੀਂ ਕੁਦਰਤ ਦੇ ਕੰਮਾਂ ਵਿੱਚ ਏਨੀ ਦਖਲਅੰਦਾਜ਼ੀ ਕੀਤੀ ਤੇ ਇਸ ਭਰਮ ਦਾ ਸ਼ਿਕਾਰ ਹੋ ਗਏ ਕਿ ਅਸੀਂ ਸ਼ਾਇਦ ਕੁਦਰਤ 'ਤੇ ਜਿੱਤ ਪ੍ਰਾਪਤ ਕਰ ਰਹੇ ਹਾਂ। ਸਾਡੇ ਦਰਿਆਵਾਂ ਨੇ ਸੱਭਿਅਤਾਵਾਂ ਵਸਾਈਆਂ ਸਨ, ਮਨੁੱਖੀ ਵਿਕਾਸ ਦੇ ਪਹੀਏ ਨੂੰ ਅਗਾਂਹ ਤੋਰਿਆ ਸੀ, ਪਰ ਸਾਡੀ ਵਿਕਸਤ ਸਭਿਅਤਾ ਨੇ ਆਪਣੇ ਜੀਵਨ ਦਾਤੇ ਦਰਿਆਵਾਂ ਨੂੰ ਪਲੀਤ ਕਰ ਦਿੱਤਾ। ਗੰਦੇ ਨਾਲਿਆਂ ਵਿੱਚ ਬਦਲ ਦਿੱਤਾ। ਪੰਜਾਬ ਕੇਵਲ ਪੰਜ ਪਾਣੀਆਂ ਦੀ ਧਰਤੀ ਨਹੀਂ, ਇੱਥੇ ਹੋਰ ਵੀ ਕਈ ਛੋਟੀਆਂ ਨਦੀਆਂ ਵਹਿੰਦੀਆਂ ਸਨ, ਇਹਨਾਂ 'ਚੋਂ ਕੁਝ ਜੋ ਸ਼ਹਿਰਾਂ ਦੇ ਨਾਲ ਵਹਿੰਦੀਆਂ ਸਨ, ਉਹਨਾਂ ਨੂੰ ਤਾਂ ਗੰਦੇ ਨਾਲੇ ਬਣਾ ਦਿੱਤਾ ਗਿਆ, ਬਾਕੀ ਸਭ ਦਾ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ। ਬਰਸਾਤੀ ਨਦੀਆਂ, ਡਰੇਨਾਂ, ਵੇਈਆਂ, ਨੈਆਂ, ਚੋਆਂ ਦਾ ਖਾਤਮਾ ਕਰਕੇ ਅਸੀਂ ਧਰਤੀ ਦੀਆਂ ਨਾੜਾਂ ਨੂੰ ਕੱਟ ਦਿੱਤਾ, ਜਿਸ ਦੇ ਫਲਸਰੂਪ ਧਰਤੀ ਤੇਜ਼ੀ ਨਾਲ ਬੰਜਰ ਹੋਣ ਲੱਗੀ ਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਹੋਣ ਦੇ ਸੋਮੇ ਖਤਮ ਹੋ ਗਏ। ਉੱਤਰੀ ਭਾਰਤ ਦੇ ਸ਼ਹਿਰਾਂ ਦਾ ਜੇਕਰ ਭੂਗੋਲਿਕ ਨਿਰੀਖਣ ਕੀਤਾ ਜਾਵੇ ਤਾਂ ਲਗਭਗ ਹਰ ਸ਼ਹਿਰ ਦੇ ਆਸ-ਪਾਸ ਹੁਣ ਵੀ ਨਦੀਆਂ ਦੇ ਨਿਸ਼ਾਨ ਲੱਭ ਜਾਣਗੇ। ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਹੁਣ ਜਦੋਂ ਸ਼ਹਿਰਾਂ ਵਿੱਚ ਪਾਏ ਸੀਵਰੇਜ ਸਿਸਟਮ ਫੇਲ੍ਹ ਹੋ ਜਾਂਦੇ ਸਨ, ਸ਼ਹਿਰ ਪਾਣੀਆਂ ਨਾਲ ਭਰ ਜਾਂਦੇ ਹਨ। ਸ਼ਹਿਰਾਂ ਵਿੱਚ ਭਰੇ ਪਾਣੀ ਦੀਆਂ ਖਬਰਾਂ ਹੁਣ ਸਾਨੂੰ ਬੇਚੈਨ ਨਹੀਂ ਕਰਦੀਆਂ, ਜਿਵੇਂ ਇਸ ਸਭ ਕੁਝ ਦੇ ਲੋਕ ਆਦੀ ਹੋ ਗਏ ਹਨ ਜਾਂ ਬਣਾ ਦਿੱਤੇ ਗਏ ਹਨ। ਜੇਕਰ ਕਿਤੇ ਵੱਧ ਮੀਂਹ ਪੈਂਦੇ ਹਨ ਤਾਂ ਮੀਂਹਾਂ ਦਾ ਪਾਣੀ ਹੜ੍ਹ ਦਾ ਰੂਪ ਅਖਤਿਆਰ ਕਰ ਲੈਂਦਾ ਹੈ ਤਾਂ ਇਹ ਸਭ ਕੁਝ ਗਲਤ ਵਿਵਸਥਾ ਕਰਕੇ ਹੈ।

ਅਖੌਤੀ ਆਧੁਨਿਕਤਾ ਤੇ ਕੁਦਰਤ ਦੇ ਕੰਮਾਂ ਵਿੱਚ ਹੱਦੋਂ ਵੱਧ ਦਖਲ ਦੀਆਂ ਸਿਆਣਪਾਂ ਨੇ ਉਹਨਾਂ ਠੰਢੀਆਂ ਪਹਾੜੀ ਥਾਂਵਾਂ ਜਿੱਥੇ ਬੱਦਲ ਫਟਦੇ ਹਨ, ਬਾਰਿਸ਼ਾਂ ਦਾ ਪਾਣੀ ਕਹਿਰ ਬਣ ਜਾਂਦਾ ਹੈ, ਉਹਨਾਂ ਥਾਵਾਂ 'ਤੇ ਸੜਕਾਂ ਦੇ ਜਾਲ, ਮੰਦਰ, ਡੇਰੇ, ਗੁਰਦਵਾਰੇ ਉਸਾਰ ਕੇ ਇਹਨਾਂ ਬਿਲਡਿੰਗਾਂ ਨੂੰ ਆਪਣੇ ਸੁਖ ਸਹੂਲਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਗਰਮੀਆਂ ਵਿੱਚ ਠੰਢੇ ਰਹਿਣ ਵਾਲੇ ਇਲਾਕਿਆਂ ਵਿੱਚ ਕਾਰੋਬਾਰ ਕਰਨ ਲਈ ਇਹਨਾਂ ਨਾਲ ਕਰਾਮਾਤੀ ਕਹਾਣੀਆਂ ਜੋੜ ਕੇ ਲੋਕਾਂ ਦੀ ਆਸਥਾ ਨੂੰ ਕੈਸ਼ ਕੀਤਾ ਜਾ ਰਿਹਾ ਹੈ। ਇਹਨਾਂ ਇਲਾਕਿਆਂ ਵਿੱਚ ਵਿਸ਼ਾਲ ਡੇਰੇ ਤੇ ਵੱਖ-ਵੱਖ ਧਰਮਾਂ ਦੇ ਧਰਮ ਅਸਥਾਨ ਉਸਾਰੇ ਗਏ। ਸੰਵੇਦਨਸ਼ੀਲ ਇਲਾਕਿਆਂ ਵਿੱਚ ਹੋਈ ਉਸਾਰੀ ਲਈ ਲੱਖਾਂ ਰੁੱਖ ਕੱਟ ਦਿੱਤੇ ਗਏ, ਪਹਾੜ ਨੰਗੇ ਹੋ ਗਏ। ਇਹਨਾਂ ਇਲਾਕਿਆਂ ਵਿੱਚ ਗੱਡੀਆਂ, ਮੋਟਰਾਂ ਦੀ ਵਧੀ ਆਵਾਜਾਈ ਨਾਲ ਗਰਮੀ ਪੈਦਾ ਹੋਣ ਨਾਲ ਜਿੱਥੇ ਤੇਜ਼ੀ ਨਾਲ ਬਰਫੀਲੇ ਇਲਾਕਿਆਂ ਦੀ ਬਰਫ ਪਿਘਲਦੀ ਹੈ, ਉੱਥੇ ਮੀਂਹਾਂ ਦੇ ਪਾਣੀਆਂ ਵਿੱਚ ਇੱਕ ਵੇਗ ਆ ਗਿਆ। ਪਹਾੜਾਂ ਵਿੱਚ ਹੋਈ ਬਾਰਸ਼ ਦਾ ਪਾਣੀ ਹੁਣ ਤੇਜ਼ ਵੇਗ ਨਾਲ ਹੇਠਾਂ ਮੈਦਾਨਾਂ ਵੱਲ ਧਾਵਾ ਬੋਲਦਾ ਹੈ, ਕੁਝ ਹੀ ਘੰਟਿਆਂ ਵਿੱਚ ਇਹ ਪਾਣੀ ਹੜ੍ਹ ਦਾ ਰੂਪ ਅਖਤਿਆਰ ਕਰ ਜਾਂਦਾ ਹੈ, ਮੈਦਾਨਾਂ ਵਿੱਚ ਵੱਡਾ ਨੁਕਸਾਨ ਕਰਕੇ, ਦਰਿਆਵਾਂ ਰਾਹੀਂ ਸਮੁੰਦਰ ਵੱਲ ਵਹਿ ਜਾਂਦਾ ਹੈ। ਪਹਿਲਾਂ ਅਜਿਹਾ ਨਹੀਂ ਹੁੰਦਾ ਸੀ। ਪਹਾੜਾਂ 'ਤੇ ਸੰਘਣੀ ਬਨਸਪਤੀ, ਜੰਗਲ, ਰੁੱਖ ਪਾਣੀਆਂ ਨੂੰ ਰੋਕ ਕੇ ਰੱਖਦੀ ਸੀ, ਇਹ ਪਾਣੀ ਹੌਲੀ-ਹੌਲੀ ਮੈਦਾਨਾਂ ਵੱਲ ਵਹਿੰਦਾ ਸੀ। ਸਾਡੇ ਦਰਿਆ ਅਤੇ ਹੋਰ ਛੋਟੀਆਂ ਨੈਆਂ, ਨਦੀਆਂ, ਵੇਈਆਂ ਸਾਰਾ ਸਾਲ ਵਹਿੰਦੀਆਂ ਰਹਿੰਦੀਆਂ ਸਨ। ਧਰਤੀ 'ਤੇ ਜਨ-ਜੀਵਨ ਲਈ ਬੇਹੱਦ ਸੁਖਾਵਾਂ ਮਾਹੌਲ ਬਣਿਆ ਰਹਿੰਦਾ ਸੀ। ਲੋਕਾਂ ਕੋਲ ਪਾਣੀ ਨੂੰ ਪੈਦਾ ਕਰਨ, ਧਰਤੀ ਹੇਠੋਂ ਕੱਢਣ ਦੀਆਂ ਆਧੁਨਿਕ ਤਕਨੀਕਾਂ ਨਹੀਂ ਸਨ। ਇਹ ਉਹ ਸਮਾਂ ਸੀ, ਜਦੋਂ ਲੋਕ ਮਨਾਂ ਵਿੱਚ ਪਾਣੀ ਦਾ ਪਿਤਾ ਦੇ ਰੂਪ ਵਿੱਚ ਤੇ ਧਰਤੀ ਦਾ ਮਾਂ ਦੇ ਰੂਪ ਵਿੱਚ ਸਤਿਕਾਰ ਸੀ। ਫਿਰ ਜਦੋਂ ਅਸੀਂ ਧਰਤੀ ਨੂੰ ਆਪਣੇ ਵੱਸ ਵਿੱਚ ਕਰਕੇ ਇਸ ਨਾਲ ਖੋਹਾਖੋਹੀ ਵਾਲਾ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਅਸੀਂ ਕੁਦਰਤੀ ਕਰੋਪੀਆਂ ਦੇ ਸ਼ਿਕਾਰ ਹੋਣ ਲੱਗ ਪਏ।

ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਸਰਕਾਰਾਂ ਵੱਲੋਂ ਮੌਨਸੂਨ ਦੀ ਆਮਦ ਤੋਂ ਪਹਿਲਾਂ ਨਹਿਰਾਂ, ਨੈਆਂ, ਡਰੇਨਾਂ ਨੂੰ ਖਾਲਣ ਦਾ ਕੰਮ ਲਗਭਗ ਬੰਦ ਕੀਤਾ ਹੋਇਆ ਹੈ। ਮੌਜੂਦਾ ਸਰਕਾਰ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਸਾਡੀਆਂ ਸਰਕਾਰਾਂ ਹੋਰ ਕਈ ਤਰ੍ਹਾਂ ਦੇ ਫਜ਼ੂਲ ਕੰਮ 'ਤੇ ਜਿਹਨਾਂ ਦੀ ਲੋਕਾਂ ਨੂੰ ਲੋੜ ਨਹੀਂ ਹੁੰਦੀ ਅਤੇ ਲੋਕ ਕਦੇ ਮੰਗ ਵੀ ਨਹੀਂ ਕਰਦੇ 'ਤੇ ਤਾਂ ਬੇਹਿਸਾਬਾ ਪੈਸਾ ਬਰਬਾਦ ਕਰ ਦਿੰਦੀਆਂ ਹਨ, ਪਰ ਜੀਵਨ ਨਾਲ ਜੁੜੇ ਮਸਲਿਆਂ ਤੋਂ ਕਿਨਾਰਾਕਸ਼ੀ ਕਰਦੀਆਂ ਰਹੀਆਂ ਹਨ। ਪੰਜਾਬ ਦੀ ਧਰਤੀ 'ਤੇ ਥੋੜ੍ਹੀ-ਥੋੜ੍ਹੀ ਦੂਰੀ 'ਤੇ ਜੋ ਨੈਆਂ ਜਾਂ ਛੋਟੀਆਂ ਨਦੀਆਂ ਵਹਿੰਦੀਆਂ ਸੀ, ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਹੋ ਗਏ। ਇਹਨਾਂ ਬਰਸਾਤੀ ਨਦੀਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਅਜਿਹਾ ਕਰਕੇ ਅਸੀਂ ਹੜ੍ਹਾਂ ਦੀ ਕਰੋਪੀ ਤੋਂ ਵੀ ਕੁਝ ਹੱਦ ਤੱਕ ਬਚ ਸਕਦੇ ਹਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿੱਚ ਵੀ ਸਫਲ ਹੋ ਸਕਦੇ ਹਾਂ। ਜ਼ੀਰੇ ਇਲਾਕੇ ਦੇ ਸਾਡੇ ਪਿੰਡ ਨੂਰਪੁਰ ਨਾਲ ਲਗਦੀ ਇੱਕ ਅੱਠ ਏਕੜ ਚੌੜੇ ਪਾੜ ਵਾਲੀ ਕਈ ਕਿਲੋਮੀਟਰ ਵਿੱਚ ਲੰਮੀ ਇੱਕ ਵਿਸ਼ਾਲ ਨੈਅ ਕਿਸੇ ਸਮੇਂ ਸਾਰਾ ਸਾਲ ਵਹਿੰਦੀ ਹੁੰਦੀ ਸੀ, ਹੁਣ ਇਹ ਸਾਰੀ ਦੀ ਸਾਰੀ ਖੇਤਾਂ ਵਿੱਚ ਤਬਦੀਲ ਹੋ ਚੁੱਕੀ ਹੈ। ਅਜਿਹੀ ਹੋਰ ਕਿੰਨੀਆਂ ਹੀ ਨੈਆਂ ਹਨ, ਜਿਹਨਾਂ ਦੀ ਸ਼ਨਾਖਤ ਕਰਕੇ ਇਹਨਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਦੀ ਲੋੜ ਹੈ। ਇਸੇ ਤਰ੍ਹਾਂ ਦਰਿਆਵਾਂ ਦੇ ਵਿਸ਼ਾਲ ਇਲਾਕਿਆਂ 'ਤੇ ਭੂ-ਮਾਫੀਆ ਹਜ਼ਾਰਾਂ ਏਕੜਾਂ 'ਤੇ ਕਬਜੇ ਕੀਤੇ ਹੋਏ ਹਨ, ਜਿਸ ਨਾਲ ਪਾਣੀ ਦਾ ਵਹਾਅ ਪ੍ਰਭਾਵਿਤ ਹੁੰਦਾ ਹੈ।

ਬੇਸ਼ੱਕ ਬਰਸਾਤਾਂ ਦੇ ਪਾਣੀਆਂ ਦਾ ਸੰਤਾਪ ਵਿਕਸਤ ਮੁਲਕਾਂ ਦੇ ਲੋਕ ਵੀ ਭੋਗਦੇ ਹਨ। ਇਹ ਠੀਕ ਹੈ ਕਿ ਕੁਦਰਤੀ ਕਰੋਪੀਆਂ ਅੱਗੇ ਕਈ ਵਾਰ ਮਨੁੱਖ ਬੇਵੱਸ ਹੋ ਜਾਂਦਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਸਮੇਂ ਸਾਡੇ ਲੋਕ, ਜੋ ਹੜ੍ਹਾਂ ਦਾ ਸੰਤਾਪ ਭੋਗ ਰਹੇ ਹਨ ਕੀ ਇਸ ਸੰਤਾਪ ਤੋਂ ਬਚਾਅ ਕੀਤਾ ਜਾ ਸਕਦਾ ਹੈ? ਇਸ ਦਾ ਜਵਾਬ ਹੋਵੇਗਾ ਕਿ ਜੇਕਰ ਸਾਡੀਆਂ ਸਰਕਾਰਾਂ ਸੁਚੇਤ ਹੋਣ ਤਾਂ ਕਾਫੀ ਹੱਦ ਤੱਕ ਇਸ ਤੋਂ ਬਚਾਅ ਕੀਤਾ ਜਾ ਸਕਦਾ ਹੈ। ਹਰ ਸਾਲ ਮੌਨਸੂਨ ਦੀ ਆਮਦ ਤੋਂ ਪਹਿਲਾਂ ਜ਼ਰੂਰੀ ਕਦਮ ਚੁੱਕੇ ਜਾਣ। ਹਰ ਪਿੰਡ, ਸ਼ਹਿਰ ਵਿੱਚ ਪਾਣੀ ਨੂੰ ਰੀਚਾਰਜ ਕਰਨ ਦੇ ਵਿਸ਼ਾਲ ਟਰੀਟਮੈਂਟ ਪਲਾਂਟ ਲਾਏ ਜਾਣ। ਇਸ ਲਈ ਜ਼ਰੂਰੀ ਹੈ ਕਿ ਵੱਖ-ਵੱਖ ਇਲਾਕਿਆਂ ਦੀ ਭੂਗੋਲਿਕ ਸਥਿਤੀ ਨੂੰ ਸਮਝਿਆ ਜਾਵੇ। ਹਰ ਪਿੰਡ, ਸ਼ਹਿਰ, ਨਗਰ ਦੇ ਪਾਣੀ ਦੀ ਨਿਕਾਸੀ ਕੁਦਰਤੀ ਵਹਾਅ ਅਨੁਸਾਰ ਕੀਤੀ ਜਾਵੇ।

ਮਨੁੱਖ ਦੀ ਕੁਦਰਤ ਦੇ ਕੰਮਾਂ ਵਿੱਚ ਹੱਦੋਂ ਵੱਧ ਦਖਲਅੰਦਾਜ਼ੀ ਨੇ ਮੌਸਮਾਂ ਦੇ ਵਿਹਾਰ ਵਿੱਚ ਵਿਗਾੜ ਪੈਦਾ ਕਰ ਦਿੱਤੇ ਹਨ। ਇਸ ਸਾਲ ਜਿਹੜੇ ਦਿਨਾਂ ਦੌਰਾਨ ਪੰਜਾਬ ਤੇ ਹੋਰ ਸਟੇਟਾਂ ਵਿੱਚ ਬਾਰਸ਼ਾਂ ਹੋਈਆਂ, ਅਸਲ ਵਿੱਚ ਇਹ ਦਿਨ ਹਰ ਸਾਲ ਲੂਅ ਵਗਣ ਦੇ ਦਿਨ ਹੁੰਦੇ ਸਨ। ਮੌਸਮੀ ਚੱਕਰ ਬੇਪ੍ਰਤੀਤਾ ਹੋ ਰਿਹਾ ਹੈ। ਸਾਨੂੰ ਕੁਦਰਤ ਦੇ ਇਸ ਪਸਾਰੇ ਵਿਚਰਦਿਆਂ ਕੁਦਰਤ ਦਾ ਸਤਿਕਾਰ ਕਰਨਾ ਸਿੱਖਣਾ ਪਵੇਗਾ। ਸਾਨੂੰ ਯਾਦ ਰੱਖਣਾ ਹੋਵੇਗਾ ਕਿ ਕੁਦਰਤ ਨਾਲ ਕੀਤਾ ਖਿਲਵਾੜ ਭਵਿੱਖ ਵਿੱਚ ਸਾਨੂੰ ਹੋਰ ਮਹਿੰਗਾ ਪਵੇਗਾ। ਸਾਨੂੰ ਜਾਨਣਾ ਤੇ ਸਮਝਣਾ ਪਵੇਗਾ ਕਿ ਕੁਦਰਤ ਨਾਲ ਆਹਢਾ ਲਾ ਕੇ ਪੈਦਾ ਕੀਤਾ ਮੌਜੂਦਾ ਦੌਰ ਦਾ ਅਖੌਤੀ ਵਿਕਾਸ ਹਕੀਕਤ ਵਿੱਚ ਵਿਕਾਸ ਨਹੀਂ, ਬਲਕਿ ਵਿਨਾਸ਼ ਹੈ ਅਤੇ ਇਸ ਦੀ ਭਿਆਨਕਤਾ ਸਾਡੇ ਸਭ ਦੇ ਸਾਹਮਣੇ ਹੈ।

*# ਸੰਪਰਕ : 98550-51099*

# ਸਿਰਫ ਕੁਝ ਸ਼ਹਿਰਾਂ ਨੂੰ ਹੀ ਸਮਾਰਟ ਬਣਾਉਣਾ ਨਿਆਂ ਤੇ ਬਰਾਬਰੀ ਦੇ ਸੰਕਲਪ ਵਿਰੁੱਧ



ਡਾ. ਅਰੁਣ ਮਿੱਤਰਾ

ਦੇਸ਼ ਭਰ ਵਿੱਚ 100 ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਬਹੁਤ ਗੱਲ ਹੋ ਰਹੀ ਹੈ। ਸਮਾਰਟਨੈੱਸ ਦਾ ਫੋਕਸ ਡਿਜੀਟਲਾਈਜ਼ੇਸਨ, ਸੁੰਦਰੀਕਰਨ, ਉੱਚੀਆਂ ਇਮਾਰਤਾਂ, ਵੱਡੇ ਫਲਾਈਓਵਰ, ਸੜਕਾਂ 'ਤੇ ਕਾਰਾਂ ਦੇ ਚੱਲਣ ਲਈ ਚੌੜੀਆਂ ਥਾਵਾਂ, ਲਗਜ਼ਰੀ ਪਾਰਕਾਂ ਆਦਿ 'ਤੇ ਹੈ। ਆਮ ਆਦਮੀ ਦੀਆਂ ਜ਼ਰੂਰਤਾਂ ਨਾਲ ਸਬੰਧਤ ਮੁੱਦਿਆਂ ਬਾਰੇ ਬਹੁਤ ਘੱਟ ਕਿਹਾ ਜਾਂਦਾ ਹੈ। 2021 ਵਿੱਚ ਭਾਰਤ ਵਿੱਚ ਸ਼ਹਿਰੀ ਆਬਾਦੀ ਵਧ ਕੇ 35.39% ਹੋਣ ਦੇ ਨਾਲ ਅਜਿਹੇ ਸ਼ਹਿਰਾਂ ਨੂੰ ਵਿਕਸਤ ਕਰਨ ਦੀ ਜ਼ਰੂਰਤ ਹੈ, ਜੋ ਸਾਰੇ ਨਾਗਰਿਕਾਂ ਦੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਨ ਵਾਲੇ ਵੱਖ-ਵੱਖ ਕਾਰਕਾਂ ਨੂੰ ਯਕੀਨੀ ਬਣਾਉਣ ਲਈ ਸਮਾਜਕ ਅਤੇ ਆਰਥਕ ਬੁਨਿਆਦੀ ਢਾਂਚਾ ਪ੍ਰਦਾਨ ਕਰਦੇ ਹੋਣ।

ਸਮਾਰਟ ਸਿਟੀ ਦਾ ਸੰਕਲਪ ਵਿਅਕਤੀ ਤੋਂ ਵਿਅਕਤੀ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਵੱਖਰਾ ਹੁੰਦਾ ਹੈ। ਇੱਕ ਅਮੀਰ ਆਦਮੀ ਲਈ ਸ਼ਹਿਰ ਦਾ ਸੁੰਦਰੀਕਰਨ, ਵੱਡੇ-ਵੱਡੇ ਮਾਲ, ਉਨ੍ਹਾਂ ਦੀਆਂ ਕਾਰਾਂ ਚਲਾਉਣ ਲਈ ਚੌੜੀਆਂ ਸੜਕਾਂ, ਚਮਕਦੇ ਰਾਤ ਦੇ ਜੀਵਨ ਨਾਲ ਚਮਕਦੀਆਂ ਰੌਸ਼ਨੀਆਂ, ਵੱਡੇ-ਵੱਡੇ ਫਲਾਈ ਓਵਰ ਅਤੇ ਅੰਡਰ ਪਾਸ, ਸ਼ਹਿਰ ਵਿੱਚ ਸਜਾਏ ਪ੍ਰਵੇਸ਼ ਦੁਆਰ ਸਮਾਰਟ ਸਿਟੀ ਦੇ ਅਰਥ ਹਨ, ਪਰ ਇੱਕ ਗਰੀਬ ਆਦਮੀ ਅਤੇ ਝੌਂਪੜੀ ਵਾਲੇ ਵਿਅਕਤੀ ਲਈ ਇੱਕ ਮੱਧਮ ਜਿਹਾ ਘਰ, ਪੀਣ ਵਾਲਾ ਸਾਫ ਪਾਣੀ, ਸਾਫ-ਸਫਾਈ, ਸਾਬਤ ਸੜਕਾਂ, ਨਿਯਮਤ ਬਿਜਲੀ ਸਪਲਾਈ, ਸੜਕ ਦੇ ਕਿਨਾਰੇ ਪੈਦਲ ਚੱਲਣ ਲਈ ਫੁੱਟਪਾਥ, ਦੁਰਘਟਨਾ ਰਹਿਤ ਸਾਈਕਲ ਅਤੇ ਦੋਪਹੀਆ ਵਾਹਨ ਦੀ ਸਵਾਰੀ ਲਈ ਲੇਨ ਇਕ ਬਿਹਤਰ ਨਗਰ ਹੋਵੇਗਾ। ਇੱਕ ਵਿਕਰੇਤਾ ਚਾਹੇਗਾ, ਮਾਫੀਆ ਦੀਆਂ ਧਮਕੀਆਂ ਅਤੇ ਸਥਾਨਕ ਪ੍ਰਸ਼ਾਸਨ ਦੁਆਰਾ ਹੋਣ ਵਾਲੀਆਂ ਬੇਲੋੜੀਆਂ ਗੜਬੜੀਆਂ ਤੋਂ ਮੁਕਤ ਸਾਫ-ਸੁਥਰੇ ਵੈਂਡਿੰਗ ਜ਼ੋਨ। ਇੱਕ ਗਰੀਬ/ਘੱਟ ਮੱਧ ਆਮਦਨੀ ਵਾਲਾ ਪਰਵਾਰ ਰਹਿਣ ਲਈ ਜ਼ਮੀਨ ਦਾ ਇੱਕ ਟੁਕੜਾ ਖਰੀਦਣ ਦੇ ਯੋਗ ਹੋਣ ਲਈ ਨੌਕਰੀ ਨਾਲ ਖੁਸ਼ ਹੋਵੇਗਾ। ਸੀਨੀਅਰ ਸਿਟੀਜ਼ਨਜ਼ ਲਈ ਉਨ੍ਹਾਂ ਦੇ ਖਿਲਾਫ ਹਿੰਸਾ ਦੀਆਂ ਰੋਜ਼ਾਨਾ ਵਧਦੀਆਂ ਘਟਨਾਵਾਂ ਦੇ ਮੱਦੇਨਜ਼ਰ ਸੁਰੱਖਿਆ ਸਭ ਤੋਂ ਵੱਧ ਮਹੱਤਵਪੂਰਨ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਸਮਾਰਟ ਸਿਟੀ ਦਾ ਸੰਕਲਪ ਸਾਰੇ ਨਾਗਰਿਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਹੋਵੇ। ਪੀਣ ਵਾਲੇ ਸਾਫ ਪਾਣੀ ਦੀ ਸਪਲਾਈ, ਨਿਰਵਿਘਨ ਬਿਜਲੀ, ਸੈਨੀਟੇਸ਼ਨ ਸੁਵਿਧਾਵਾਂ, ਹਰ ਤਰ੍ਹਾਂ ਦੇ ਕੂੜਾ ਪ੍ਰਬੰਧਨ ਲਈ ਸਹੂਲਤਾਂ, ਵਧੀਆ ਜਨਤਕ ਆਵਾਜਾਈ, ਕੱਚੀਆਂ ਸੜਕਾਂ, ਸਸਤੇ ਮਕਾਨਾਂ ਅਤੇ ਸਸਤੀ ਜਨਤਕ ਟਰਾਂਸਪੋਰਟ ਵਰਗੀਆਂ ਬੁਨਿਆਦੀ ਚੀਜ਼ਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇੱਕ ਆਮ ਆਦਮੀ ਨੂੰ ਵੀ ਸਿਹਤ ਸੰਭਾਲ ਦੀਆਂ ਲੋੜਾਂ ਅਤੇ ਕਿਫਾਇਤੀ ਮਿਆਰੀ ਸਿੱਖਿਆ ਦੀ ਪੂਰਤੀ ਲਈ ਕਿਫਾਇਤੀ ਕੀਮਤ 'ਤੇ ਚੰਗੇ ਹਸਪਤਾਲਾਂ ਤੇ ਸਕੂਲਾਂ ਦੀ ਲੋੜ ਹੁੰਦੀ ਹੈ। ਡਿਜੀਟਲਾਈਜ਼ੇਸ਼ਨ, ਜੋ ਕਿ ਆਧੁਨਿਕ ਯੁੱਗ ਵਿੱਚ ਸ਼ਾਸਨ ਅਤੇ ਸੰਚਾਰ ਲਈ ਜ਼ਰੂਰੀ ਹੈ, ਨੂੰ ਉਪਰੋਕਤ ਲਈ ਪੂਰਕ ਅਤੇ ਸੁਵਿਧਾ ਪ੍ਰਦਾਨ ਕਰਨ ਵਾਲਾ ਹੋਣਾ ਚਾਹੀਦਾ ਹੈ।

ਹਰ ਤਰ੍ਹਾਂ ਦੀਆਂ ਕਲੋਨੀਆਂ ਵਿੱਚ ਹਰੇ ਭਰੇ ਪਾਰਕਾਂ ਦੀ ਵੀ ਲੋੜ ਹੈ। ਇਮਾਰਤਾਂ 'ਤੇ ਸਬਸਿਡੀ ਵਾਲੇ ਸੋਲਰ ਪੈਨਲ, ਤਾਂ ਜੋ ਹਰ ਕੋਈ ਉਨ੍ਹਾਂ ਦੀ ਸਥਾਪਨਾ ਨੂੰ ਬਰਦਾਸਤ ਕਰ ਸਕੇ, ਸਮੇਂ ਦੀ ਲੋੜ ਹੈ। ਅਪਾਹਜਾਂ ਅਤੇ ਆਮ ਪੈਦਲ ਚੱਲਣ ਵਾਲਿਆਂ ਲਈ ਫੁੱਟਪਾਥ, ਨੇਤਰਹੀਣਾਂ ਲਈ ਬਰੇਲ ਨਾਲ ਜੁੜੀਆਂ ਗਤੀਸੀਲਤਾ ਸਹੂਲਤਾਂ ਜਰੂਰੀ ਹਨ।

ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੀ ਭਾਲ ਵਿਚ ਸ਼ਹਿਰਾਂ ਵੱਲ ਵੱਡੇ ਪੱਧਰ 'ਤੇ ਪਰਵਾਸ ਹੋ ਰਿਹਾ ਹੈ। ਉਨ੍ਹਾਂ ਨੂੰ ਰਹਿਣ ਲਈ ਜਗ੍ਹਾ ਦੀ ਜ਼ਰੂਰਤ ਹੈ, ਪਰ ਕਿਸੇ ਸਰਕਾਰੀ ਸਹਾਇਤਾ ਦੀ ਅਣਹੋਂਦ ਵਿੱਚ ਉਨ੍ਹਾਂ ਨੂੰ ਪੂਰੀ ਤਰ੍ਹਾਂ ਅਣਮਨੁੱਖੀ ਅਸਥਾਈ ਸਥਿਤੀਆਂ ਵਿੱਚ ਝੁੱਗੀਆਂ ਵਿੱਚ ਰਹਿਣਾ ਪੈਂਦਾ ਹੈ। ਇੱਕ ਸਮਾਰਟ ਸਿਟੀ ਨੂੰ ਉਨ੍ਹਾਂ ਸਾਰਿਆਂ ਲਈ ਉਚਿੱਤ ਰਿਹਾਇਸ਼ ਯਕੀਨੀ ਬਣਾਉਣੀ ਚਾਹੀਦੀ ਹੈ, ਪਰ ਸਮਾਰਟ ਸਿਟੀ ਬਣਾਉਣ ਲਈ ਰੱਖੇ ਗਏ ਸ਼ਹਿਰਾਂ ਵਿੱਚ ਉਪਰੋਕਤ ਸਭ ਕੁਝ ਦੂਰ ਦਾ ਸੁਪਨਾ ਹਨ। ਦੇਸ਼ ਦੇ ਉੱਤਰੀ ਖੇਤਰ ਦੇ ਕਈ ਹਿੱਸਿਆਂ ਵਿੱਚ ਲਗਾਤਾਰ ਬਾਰਿਸ਼ ਨੇ ਭਾਰਤ ਸਰਕਾਰ ਦੁਆਰਾ ਸੰਕਲਪਿਤ ਸਮਾਰਟ ਸਿਟੀ ਪ੍ਰੋਜੈਕਟ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਸਭ ਦੇ ਸਾਹਮਣੇ ਹੈ ਕਿ ਕਿਸ ਤਰ੍ਹਾਂ ਦੇਸ਼ ਦੀ ਰਾਜਧਾਨੀ ਸਮੇਤ ਸ਼ਹਿਰਾਂ ਵਿੱਚ ਪਾਣੀ ਭਰਿਆ ਹੋਇਆ ਹੈ। ਟੁੱਟੀਆਂ ਸੜਕਾਂ ਕਾਰਨ ਰਾਹਗੀਰਾਂ ਨੂੰ ਹਾਦਸਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਘਰ ਪਾਣੀ ਵਿੱਚ ਡੁੱਬ ਗਏ, ਜਿਸ ਨਾਲ ਸਮਾਰਟ ਸਿਟੀ ਦਾ ਦਾਅਵਾ ਵੀ ਮੀਂਹ ਵਿੱਚ ਧੋਤਾ ਗਿਆ।

ਇਹ ਇੱਕ ਵੱਡਾ ਸਵਾਲ ਹੈ ਕਿ ਕੀ ਸਾਡੇ ਦੇਸ਼ ਦੀ ਕੁੱਲ 142 ਕਰੋੜ ਦੀ ਆਬਾਦੀ ਦੇ 1/10ਵੇਂ ਹਿੱਸੇ ਤੋਂ ਘੱਟ 13 ਕਰੋੜ ਦੀ ਆਬਾਦੀ ਵਾਲੇ 100 ਸਮਾਰਟ ਸ਼ਹਿਰ ਬਣਾਉਣਾ ਜਾਇਜ਼ ਹੈ? ਕੀ ਇਹ ਸਾਰੇ ਨਾਗਰਿਕਾਂ ਲਈ ਨਿਆਂ ਅਤੇ ਬਰਾਬਰੀ ਦੇ ਸਿਧਾਂਤਾਂ 'ਤੇ ਖਰਾ ਉਤਰਦਾ ਹੈ? ਭਾਰਤ ਸਰਕਾਰ ਨੇ ਜੂਨ 2023 ਤੱਕ ਸ਼ਹਿਰ ਨੂੰ ਸਮਾਰਟ ਬਣਾਉਣ ਲਈ ਲਗਭਗ 500/- ਕਰੋੜ ਰੁਪਏ ਪ੍ਰਤੀ ਸ਼ਹਿਰ ਅਲਾਟ ਕੀਤੇ ਹਨ। ਇਹ ਸਮਾਂ-ਸੀਮਾ ਪਹਿਲਾਂ ਹੀ ਖੁੰਝ ਗਈ ਹੈ। 100 ਪ੍ਰਸਤਾਵਿਤ ਸਮਾਰਟ ਸ਼ਹਿਰਾਂ ਦੇ ਮੁਕਾਬਲੇ ਭਾਰਤ ਵਿੱਚ 640930 ਪਿੰਡ ਹਨ, ਜਿਨ੍ਹਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ ਪਰ ਸਰਕਾਰ ਦੀਆਂ ਤਰਜੀਹਾਂ ਤੋਂ ਪੂਰੀ ਤਰ੍ਹਾਂ ਬਾਹਰ ਹਨ।

ਸਮਾਰਟ ਸਿਟੀ ਪ੍ਰੋਜੈਕਟ ਲਈ 48000 ਕਰੋੜ ਦੀ ਵੱਡੀ ਰਕਮ ਜੇਕਰ ਪੂਰੇ ਦੇਸ਼ ਵਿੱਚ ਬਰਾਬਰ ਵੰਡ ਦਿੱਤੀ ਜਾਂਦੀ ਤਾਂ ਘੱਟ ਆਮਦਨ ਵਾਲੇ ਵਰਗ ਲਈ ਰਿਹਾਇਸ਼, ਸਿੱਖਿਆ ਅਤੇ ਸਿਹਤ ਅਤੇ ਪੋਸ਼ਣ ਦੀ ਸਮੱਸਿਆ ਕੁਝ ਹੱਦ ਤੱਕ ਹੱਲ ਹੋ ਜਾਂਦੀ। ਅਜਿਹੇ ਹਾਲਾਤ ਵਿੱਚ ਜਦੋਂ ਸਰਕਾਰ ਦੇਸ਼ ਵਿੱਚ ਘੋਰ ਗਰੀਬੀ ਨੂੰ ਮੰਨਦੀ ਹੈ ਅਤੇ 80 ਕਰੋੜ ਲੋਕਾਂ ਨੂੰ 5 ਕਿਲੋ ਅਨਾਜ ਅਤੇ 1 ਕਿਲੋ ਦਾਲ ਵੰਡ ਰਹੀ ਹੈ, ਕੁਝ ਵੱਡੇ ਸ਼ਹਿਰਾਂ ਨੂੰ ਸਮਾਰਟ ਬਣਾਉਣ ਲਈ ਏਨੀ ਰਕਮ ਖਰਚ ਕਰਨਾ ਪੂਰੀ ਤਰ੍ਹਾਂ ਗੈਰਵਾਜਬ ਹੈ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਕਾਰਪੋਰੇਟ ਬਿਜਨਸ਼ ਮਾਡਲ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਕੁਝ ਵੱਡੇ ਸ਼ਹਿਰਾਂ 'ਤੇ ਧਿਆਨ ਕੇਂਦਰਤ ਕਰਨ ਦੀ ਬਜਾਏ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੇ ਬਰਾਬਰ ਵਿਕਾਸ ਵੱਲ ਆਪਣੀਆਂ ਤਰਜੀਹਾਂ ਨੂੰ ਮੁੜ ਤੋਂ ਪੁਨਰਗਠਿਤ ਕਰੇ।

**# ਸੰਪਰਕ : 94170-00360**

# ਪ੍ਰਵਾਸੀ ਨੇ ਪ੍ਰਦੇਸੀ ਬਣਦੇ ਦੇਖੇ ਦੇਸੀ !



ਤਰਲੋਚਨ ਸਿੰਘ 'ਦੁਪਾਲਪੁਰ'

ਹਰ ਸਾਲ ਜਦ ਵੀ ਮੈਂ ਅਮਰੀਕਾ ਤੋਂ ਪੰਜਾਬ ਆਪਣੇ ਪਿੰਡ ਗਿਆ ਹੋਇਆ ਹੋਵਾਂ, ਤਦ ਲਾਗੇ-ਚਾਗੇ ਦੇ ਬਾਹਰੋਂ ਗਏ ਹੋਏ ਹੋਰ ਪ੍ਰਵਾਸੀਆਂ ਨੂੰ ਮਿਲਣ ਗਿਲਣ ਵੇਲੇ ਅਕਸਰ ਪੁੱਛਿਆ ਕਰਦਾ ਹਾਂ ਕਿ ਕਿੰਨੀਂ ਕੁ ਛੁੱਟੀ ਆਏ ਹੋ ਜੀ? ਉਹ ਜਦ ਕਹਿਣ ਕਿ ਦੋ ਜਾਂ ਚਾਰ 'ਵੀਕਾਂ' ਲਈ, ਤਾਂ ਮੈਂ ਹੱਸ ਕੇ ਕਿਹਾ ਕਰਦਾਂ ਕਿ ਭਰਾਵੋ, ਪਿੰਡ ਨੂੰ ਵੀਕਾਂ ਲਈ ਨਹੀਂ, ਮਹੀਨਿਆਂ ਲਈ ਆਉਣਾ ਚਾਹੀਦਾ ਐ ਤਾਂ ਕਿ 'ਖੌਰੂ-ਪੁੱਟ ਮੀਡੀਏ' ਵਲੋਂ ਸਾਡੇ ਮਨਾਂ 'ਚ ਬਿਠਾਏ ਗਏ ਹਾਲਾਤ ਦੇ ਸੱਚ-ਝੂਠ ਦਾ ਆਪਾਂ ਅੱਖੀਂ ਦੇਖ ਕੇ ਖੁਦ ਨਿਰਣਾ ਕਰ ਲਿਆ ਕਰੀਏ !

ਵੱਖੋ ਵੱਖਰੀਆਂ ਮਜਬੂਰੀਆਂ ਕਾਰਨ ਭਾਵੇਂ ਮਹੀਨਿਆਂ ਵਾਲਾ 'ਦੇਸ ਵਸੇਬਾ' ਸਾਰੇ ਪ੍ਰਵਾਸੀ ਨਹੀਂ ਕਰ ਸਕਦੇ, ਪਰ ਮੇਰੇ 'ਤੇ ਰੱਬ ਦੀ ਕਿਰਪਾ ਹੀ ਕਹਿ ਲਓ ਕਿ ਮੈਂ ਤਕਰੀਬਨ ਹਰ ਸਾਲ ਕਈ-ਕਈ ਮਹੀਨਿਆਂ ਲਈ ਆਪਣੇ ਪਿੰਡ ਆਉਂਦਾ ਹਾਂ। ਸਾਈਕਲ ਜਾਂ ਸਕੂਟਰ ਮੇਰੀ ਮਨਭਾਉਂਦੀ ਸਵਾਰੀ ਹੁੰਦੀ ਹੈ। ਪਹਿਲੇ ਕਰੋਨਾ ਕਾਲ ਵਾਂਗ ਬੀਤੇ ਵਰ੍ਹੇ 2022 ਦੇ ਦੁਸਹਿਰੇ ਤੋਂ ਲੈ ਕੇ 2023 ਦੀ ਵਿਸਾਖੀ ਤੱਕ ਸੱਤ ਮਹੀਨੇ ਮੈਂ ਆਪਣੇ ਪਿੰਡ ਦੁਪਾਲਪੁਰ ਰਿਹਾ।

ਐਤਕੀਂ ਘਰ ਦੀ ਸਾਫ-ਸਫਾਈ, ਦਰੱਖਤਾਂ ਦੀ ਕਾਂਟ-ਛਾਂਟ ਅਤੇ ਘਰੇਲੂ ਬਗੀਚੀ ਵਿੱਚ ਵੇਲ-ਬੂਟਿਆਂ ਦੀ ਬੀਜ ਬਿਜਾਈ ਲਈ ਯੂ ਪੀ, ਬਿਹਾਰ ਦੇ ਪ੍ਰਦੇਸੀਆਂ ਨਾਲ ਮੇਰਾ ਵਾਹ ਬਹੁਤ ਪੈਂਦਾ ਰਿਹਾ। ਮੈਂ ਸਮਝਦਾ ਸਾਂ ਕਿ ਇਹ ਲੋਕ ਅਨਪੜ੍ਹ ਹੁੰਦੇ ਨੇ ਤੇ ਇਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਜਾਂ ਇੱਥੋਂ ਦੇ ਵਰਤੋਂ-ਵਿਹਾਰ ਬਾਰੇ ਕੋਈ ਸੋਝੀ ਨਹੀਂ ਹੋਣੀ, ਪਰ ਇੱਕ ਦਿਨ ਮੈਨੂੰ ਸਾਈਕਲ ਚਲਾਉਂਦੇ ਜਾਂਦੇ ਨੂੰ ਦੇਖ ਕੇ ਲੰਬੜਾਂ ਦਾ ਭਈਆ ਕਹਿੰਦਾ-

'ਏ ਸਰਦਾਰ ਜੀ, ਹਾਲੇ ਵੀ ਕੋਈ ਕਸਰ ਰਹਿੰਦੀ ਆ ?'

ਮੈਂ ਹੈਰਾਨ ਹੋਇਆ ਕਿ ਇਹਨੂੰ ਖੇਤਾਂ 'ਚ ਅੱਠੇ ਪਹਿਰ ਕੰਮ ਕਰਦੇ ਨੂੰ ਵੀ ਪਤਾ ਐ ਕਿ ਅਮਰੀਕਾ ਮੁਲਕ ਦੁਨੀਆ ਭਰ ਦੀ 'ਸੁਪਰ ਪਾਵਰ' ਹੈ, ਜਿੱਥੋਂ ਦਾ ਬਸ਼ਿੰਦਾ ਹੁੰਦਿਆਂ ਉਹਦੇ ਮੁਤਾਬਕ ਮੈਂ 'ਸੈਕਲ' ਉੱਤੇ ਘੁੰਮਦਾ ਚੰਗਾ ਨਹੀਂ ਲਗਦਾ।

ਸੰਗਰਾਂਦ ਵਾਲੇ ਦਿਨ ਮੈਂ ਕੁਝ ਰਸਦਾਂ-ਵਸਤਾਂ ਅਤੇ ਦੇਗ ਵਾਸਤੇ ਥੋੜ੍ਹੀ ਮਾਇਆ ਭੇਟ ਕਰਨ ਵਾਸਤੇ ਪਿੰਡ ਦੇ ਗੁਰਦੁਆਰੇ ਗਿਆ। ਭਾਈ ਜੀ ਲੰਗਰ ਹਾਲ ਵਿੱਚ ਕੜਾਹ ਪ੍ਰਸ਼ਾਦ ਬਣਾਉਣ ਲਈ ਕੜਾਹੀ ਖੌਂਚਾ ਮਾਂਜ ਰਹੇ ਸਨ। ਉਨ੍ਹਾ ਮੈਨੂੰ ਕਿਹਾ ਕਿ ਅੰਦਰ ਪ੍ਰਕਾਸ਼ ਸਥਾਨ ਦੇ ਕੋਲ ਮੇਜ਼ ਉੱਪਰ ਇੱਕ ਕਾਪੀ ਪਈ ਹੈ, ਉਸ ਵਿੱਚ ਮੈਂ ਆਪਣਾ ਨਾਂਅ ਤੇ ਮਾਇਆ ਆਪੇ ਈ ਲਿਖ ਦੇਵਾਂ।

ਆਪਣਾ ਵੇਰਵਾ ਲਿਖਣ ਤੋਂ ਪਹਿਲਾਂ ਵੈਸੇ ਹੀ ਮੈਂ ਕਾਪੀ ਵਿੱਚ ਲਿਖੀ ਨਾਂਵਾਂ ਵਾਲੀ ਸੂਚੀ ਦੇਖੀ ਤਾਂ ਉਸ ਵਿੱਚ 'ਕ੍ਰਿਸ਼ਨਾ ਦੇਵੀ, ਰਾਮ ਭਜ, ਨਰੇਸ਼ ਯਾਦਵ ਅਤੇ ਸ਼ੰਕਰ ਕੁਮਾਰ' ਵਰਗੇ ਆਪਣੇ ਪਿੰਡ ਵਾਸੀਆਂ ਤੋਂ ਓਪਰੇ ਨਾਂਅ ਪੜ੍ਹ ਕੇ ਮੈਂ ਭਾਈ ਸਾਹਬ ਨੂੰ ਪੁੱਛਿਆ ਕਿ ਸਾਡੇ ਪਿੰਡ 'ਚ ਇਹ ਸੱਜਣ ਕੌਣ ਹੋਏ?

ਭਾਈ ਜੀ ਨੇ ਬੜੀ ਅਪਣੱਤ ਤੇ ਮਾਣ-ਸਤਿਕਾਰ ਨਾਲ ਮੈਨੂੰ ਜਾਣਕਾਰੀ ਦਿੱਤੀ ਕਿ ਇਹ ਬਿਹਾਰੀ ਲੋਕ ਲੰਬੇ ਅਰਸੇ ਤੋਂ ਪਿੰਡ ਦੀ ਮੰਡੀ ਵਿੱਚ ਰਹਿੰਦੇ ਨੇ ਅਤੇ ਹਰ ਸੰਗਰਾਂਦੇ ਇਕੱਤੀ, ਇਕਵੰਜਾ ਜਾਂ ਕਈ ਵਾਰ ਵੱਧ ਮਾਇਆ ਦੇ ਕੇ ਜਾਂਦੇ ਹਨ। ਜੇ ਬੰਦੇ ਕੰਮਾਂ 'ਤੇ ਗਏ ਹੋਏ ਹੋਣ ਤਾਂ ਇਨ੍ਹਾਂ ਦੇ ਬਾਲ-ਬੱਚੇ ਬਾਰਾਂਮਾਹ ਦਾ ਪਾਠ ਸੁਣਨ ਜ਼ਰੂਰ ਆਉਂਦੇ ਹਨ!

ਸਾਡੇ ਘਰੇ ਝਾੜੂ-ਪੋਚਾ ਲਾਉਣ ਆਉਂਦੀ ਬਿਹਾਰੀ ਬੀਬੀ ਇੱਕ ਦਿਨ ਕੰਮ ਕਾਰ ਨਿਬੇੜ ਕੇ ਸਾਡੀ ਨੂੰਹ ਨੂੰ ਕਹਿਣ ਲੱਗੀ, ਅਖੇ, ਬੀਬੀ ਜੀ ਕੱਲ੍ਹ ਕੋ ਹਮ ਨਹੀਂ ਆਏਂਗੇ। ਨੂੰਹ ਵਲੋਂ ਕਾਰਨ ਪੁੱਛਣ 'ਤੇ ਉਹ ਬੋਲੀ-'ਵੋਹ ਜੋ ਬਾਗ ਵਾਲਾ ਗੁਰੂਦਵਾਰਾ ਹੈ ਨਾ, ਕੱਲ ਕੋ ਉਨਹੋਂ ਨੇ ਬਾਬਾ ਜੀ ਕੋ ਟਰਾਲੀ ਮੇਂ ਬਿਠਾ ਕਰ ਇਧਰ-ਉਧਰ ਘੁਮਨਾ ਹੈ.. ਹਮ ਸਭ ਕੋ ਕੱਲ੍ਹ ਟਰਾਲੀਉਂ ਮੇਂ ਬੈਠਨੇ ਕੇ ਲੀਏ ਬੋਲਾ ਹੈ ਉਨਹੋਂ ਨੇ!'

ਆਪਣੇ ਕਮਰੇ 'ਚ ਦਸਤਾਰ ਬੰਨ੍ਹਦੇ ਨੂੰ ਮੈਨੂੰ ਉਸ ਬੀਬੀ ਵੱਲੋਂ 'ਨਗਰ ਕੀਰਤਨ' ਦੀ ਦੱਸੀ ਗਈ 'ਅਜੀਬ ਪ੍ਰੀਭਾਸ਼ਾ' ਸੁਣ ਕੇ ਯਾਦ ਆਇਆ ਕਿ ਸਾਡੇ ਲਾਗਲੇ ਪਿੰਡ ਵਾਲੇ ਸੱਜਣ ਗੁਰਪੁਰਬ ਤੋਂ ਇੱਕ ਦਿਨ ਪਹਿਲਾਂ ਨਗਰ ਕੀਰਤਨ ਕੱਢ ਰਹੇ ਹਨ, ਜੋ ਲਾਗੇ ਲਾਗੇ ਦੇ ਕਈ ਪਿੰਡਾਂ ਦੀ ਪਰਕਰਮਾ ਕਰੇਗਾ।

ਉਸ ਨਗਰ ਕੀਰਤਨ ਵਿੱਚ ਹਾਜ਼ਰੀ ਭਰਦਿਆਂ ਮੈਂ ਦੇਖਿਆ ਕਿ ਬਾਰਾਂ-ਤੇਰਾਂ ਟ੍ਰੈਕਟਰ-ਟਰਾਲੀਆਂ ਵਿੱਚੋਂ ਅੱਧੀਆਂ ਕੁ ਉੱਤੇ ਯੂ.ਪੀ ਬਿਹਾਰੀ ਪਰਵਾਰਾਂ ਦੀਆਂ ਬੀਬੀਆਂ ਅਤੇ ਬੱਚੇ ਸਜੇ ਬੈਠੇ ਸਨ! ਨਾਲੇ ਤਾਂ ਉਹ ਖੁਸ਼ ਹੋ ਹੋ ਕੇ ਸਮੋਸੇ, ਲੱਡੂ ਤੇ ਬਦਾਨੇ-ਭੁਜੀਏ ਦੇ ਡੂੰਨੇ ਛਕ ਰਹੇ ਸਨ ਅਤੇ ਨਾਲੇ ਉਹ ਹੱਥਾਂ ਵਿੱਚ ਫੜੇ ਪੋਲੀਥੀਨ ਦੇ ਲਿਫਾਫਿਆਂ ਵਿੱਚ ਵਰਤਾਇਆ ਜਾ ਰਿਹਾ ਵਾਧੂ ਸਮਾਨ ਪਾਈ ਜਾ ਰਹੇ ਸਨ। ਅਗਵਾਈ ਕਰ ਰਹੇ ਪੰਜਾਂ ਪਿਆਰਿਆਂ ਦੇ ਅੱਗੇ ਅੱਗੇ ਝਾੜੂ ਫੇਰ ਰਹੀਆਂ ਦੇਸੀ ਬੀਬੀਆਂ ਵਿੱਚ ਕੁਝ ਪ੍ਰਦੇਸੀ ਬੀਬੀਆਂ ਵੀ ਉਸੇ ਸ਼ਰਧਾ ਸਤਿਕਾਰ ਨਾਲ ਸੇਵਾ ਕਰ ਰਹੀਆਂ ਸਨ!

ਇੱਕ ਦਿਨ ਸਾਰੇ ਪਿੰਡ 'ਚ ਰੌਲਾ ਪੈ ਗਿਆ ਕਿ ਰਾਤੋ-ਰਾਤ ਬੇਟ ਟਿਊਬਵੈਲਾਂ ਤੋਂ ਕੋਈ ਪੰਜ ਇੰਜਣ ਖੋਲ੍ਹ ਕੇ ਲੈ ਗਿਆ। ਸਵੇਰੇ ਸੈਰ ਕਰਨ ਗਏ ਨੇ ਮੈਂ ਕੁਝ ਪੇਂਡੂਆਂ ਨੂੰ ਪੁੱਛਿਆ ਕਿ 'ਇਹ ਕੰਮ' ਭਈਆਂ ਦਾ ਹੋਣਾ ਐਂ?' ਮੈਨੂੰ ਜਵਾਬ ਮਿਲਿਆ ਕਿ ਏਡੇ ਵੱਡੇ ਲੈਵਲ ਦੀ ਚੋਰੀ ਭਈਏ ਨੀਂ ਕਰ ਸਕਦੇ ਵੀਰਾ !

ਲਾਗਲੇ ਪਿੰਡ ਮਝੂਰ ਰਹਿੰਦੇ ਆਪਣੇ ਇੱਕ ਪੁਰਾਣੇ ਮਿੱਤਰ ਨੂੰ ਸਾਈਕਲ 'ਤੇ ਮਿਲਣ ਜਾਂਦਿਆਂ ਇੱਕ ਹੋਰ ਜਾਣੂ ਮਿਲ ਪਿਆ, ਜੋ ਮੇਰੇ ਵਾਂਗ ਹੀ ਵਿਦੇਸ਼ੋਂ ਆ ਕੇ ਆਪਣੇ ਪਿੰਡ ਕਈ-ਕਈ ਮਹੀਨੇ ਰਹਿੰਦਾ ਹੈ। ਉਸ ਨੇ ਮੈਨੂੰ ਸੁਝਾਅ ਦਿੰਦਿਆਂ ਦੱਸਿਆ ਕਿ ਯਾਰ ਜਿਵੇਂ ਮੈਂ ਇੱਥੇ ਆ ਕੇ ਹਰ ਵਾਰ ਨਵਾਂ ਸਾਈਕਲ ਲੈ ਲੈਂਦਾ ਹਾਂ ਤੇ ਕੁਝ ਮਹੀਨਿਆਂ ਬਾਅਦ ਜਾਣ ਲੱਗਾ ਕਿਸੇ ਭਈਏ ਨੂੰ ਫਰੀ ਦੇ ਜਾਂਦਾ ਹਾਂ, ਤੂੰ ਵੀ ਏਦਾਂ ਹੀ ਕਰਿਆ ਕਰ !

ਮੈਨੂੰ ਹਿਰਖ ਜਿਹਾ ਆਇਆ ਕਿ ਭਈਆਂ ਨੂੰ ਹੀ ਕਿਉਂ, ਕਿਸੇ 'ਆਪਣੇ' ਲੋੜਵੰਦ ਭਰਾ ਨੂੰ ਕਿਉਂ ਨਹੀਂ ਦਿੰਦੇ ਤੁਸੀਂ ਸਾਈਕਲ ?

ਕਹਿੰਦਾ 'ਆਪਣੇ' ਦੀ ਗੱਲ ਸੁਣ ਲੈ ਭਰਾਵਾ ! ਇੱਕ ਵਾਰ ਮੈਂ ਫਲਾਣਾ ਸਿੰਘ ਨੂੰ ਸਾਈਕਲ ਦੇ ਗਿਆ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਘਰ ਕੋਈ ਮੌਤ ਹੋ ਗਈ। ਮੈਨੂੰ ਕਹਿੰਦੇ ਅਖੇ ਆਪਣਾ 'ਗਰੌਹ ਟਾਲਣ' ਲਈ ਉਹ ਸਾਨੂੰ 'ਲੋਹਾ ਦਾਨ' ਕਰ ਗਿਆ ਐ! ਉਹੀ ਸਾਈਕਲ ਉਨ੍ਹਾਂ ਕਿਸੇ ਭਈਏ ਨੂੰ ਵੇਚ ਕੇ ਪੈਸੇ ਵੱਟ ਲਏ !

ਆਪਣੇ ਪਿੰਡ ਦੇ ਲਾਗਲੇ ਕਸਬੇ ਜਾਡਲੇ ਲਾਗੇ ਸੜਕ ਕੰਢੇ ਫਲ-ਫਰੂਟ ਤੇ ਸਬਜ਼ੀਆਂ ਦੀ ਦੁਕਾਨ ਤੋਂ ਸਮਾਨ ਖਰੀਦ ਕੇ ਅੱਗੇ ਲੰਗੜੋਏ ਪਿੰਡ ਵੱਲ ਜਾਣ ਲਈ ਜਦ ਮੈਂ ਸਕੂਟਰ ਸਟਾਰਟ ਕੀਤਾ ਤਾਂ ਦੋ ਝੋਲੇ ਅਤੇ ਡੱਬਾ ਚੁੱਕੀ ਖੜ੍ਹੇ ਇੱਕ ਭਈਏ ਵੱਲ ਇਸ਼ਾਰਾ ਕਰਕੇ ਦੁਕਾਨਦਾਰ ਮੈਨੂੰ ਕਹਿੰਦਾ, ਭਾਅ ਜੀ, ਇਹਨੂੰ ਪੈਟ੍ਰੋਲ ਪੰਪ ਤੱਕ ਨਾਲ ਲੈ ਜਾਉਗੇ ?



ਮੈਂ ਉਹਨੂੰ ਪਿੱਛੇ ਬਿਠਾ ਲਿਆ। ਪੁੱਛਣ 'ਤੇ ਉਸ ਨੇ ਦੱਸਿਆ ਕਿ ਮੈਂ ਖੇਤਾਂ 'ਚ ਕੰਮ ਕਰਦੇ ਆਪਣੇ ਸਾਥੀਆਂ ਲਈ ਰੋਟੀ ਲੈ ਕੇ ਜਾ ਰਿਹਾ ਹਾਂ! ਰੋਡ 'ਤੇ ਖੇਤਾਂ ਕੋਲ ਪਹੁੰਚ ਕੇ ਉਸ ਨੇ ਸਕੂਟਰ ਰੁਕਵਾਇਆ ਤੇ ਉੱਤਰਨ ਲੱਗਾ ਡੱਬਾ ਤੇ ਝੋਲੇ ਮੇਰੇ ਮੋਹਰੇ ਨੂੰ ਕਰਕੇ ਉਹ ਬੋਲਿਆ-'ਸਰਦਾਰ ਜੀ, ਪ੍ਰਸ਼ਾਦਾ ਛਕ ਲੋ ਤੁਸੀ ਵੀ ?'

ਹਾਲਾਂ ਕਿ ਉਸ ਵੇਲੇ ਮੈਂ ਕਾਹਲੀ ਵਿੱਚ ਸਾਂ, ਪਰ ਉਸ ਨੇ ਮੈਨੂੰ ਏਨੇ ਮੋਹ ਅਤੇ ਸਤਿਕਾਰ ਨਾਲ 'ਪ੍ਰਸ਼ਾਦਾ ਛਕਣ' ਦੀ ਪੇਸ਼ਕਸ਼ ਕੀਤੀ ਕਿ ਮੇਰੇ ਗਲੇਡੂ ਭਰ ਆਏ ! ਸਕੂਟਰ ਖੜ੍ਹਾ ਕਰਕੇ ਮੈਂ ਉਹਨੂੰ ਗਲਵਕੜੀ 'ਚ ਲੈ ਲਿਆ ! ਧੰਨਵਾਦ ਕਰਦਿਆਂ ਮੈਂ ਉਸ ਨੂੰ ਪੁੱਛਿਆ ਕਿ ਉਸ ਨੇ ਏਦਾਂ ਕਿਸੇ ਨੂੰ ਰੋਟੀ ਖਿਲਾਉਣ ਲਈ ਕਹਿਣਾ ਕਿੱਥੋਂ ਸਿੱਖਿਆ ਹੈ ?

'ਹਮਾਰੇ ਜੋ ਸਰਦਾਰ ਜੀ ਹੈਂ ਨਾ ਦੁਕਾਨ ਪੇ' ਉਹ ਜਵਾਬ ਦੇਣ ਲੱਗਾ, "ਵੋਹ ਜਬ ਖਾਣਾ ਖਾ ਰਹੇ ਹੋਤੇ ਹੈਂ, ਉਸ ਸਮਯ ਦੁਕਾਨ ਪਰ ਕੋਈ ਵੀ ਗਾਹਕ ਆ ਜਾਏ.. ਵੋ ਉਸ ਕੋ ਪਹਲੇ ਯੇਹ ਜ਼ਰੂਰ ਕਹਤੇ ਹੈਂ-'ਪ੍ਰਸ਼ਾਦਾ ਛਕ ਲੋ ਪਾਜੀ'.. !"

*# ਸੰਪਰਕ : 001-408-915-1268*

# ਚਾਂਦਪੁਰਾ ਬੰਨ੍ਹ ਦੇ ਪਾੜ ਨੂੰ ਪੂਰਨ ਲਈ ਫੌਜ ਨੇ ਸੰਭਾਲਿਆ ਮੋਰਚਾ

**■ ਹਰਿਆਣਾ-ਪੰਜਾਬ ਦੇ ਪਿੰਡਾਂ 'ਚ ਲਗਾਤਾਰ ਵਧ ਰਹੇ ਪਾਣੀ ਕਾਰਨ ਸੈਂਕੜੇ ਏਕੜ ਫਸਲ ਤਬਾਹ ■ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸਰਕਾਰ ਤੁਹਾਡੇ ਨਾਲ ਹੈ : ਮੀਤ ਹੇਅਰ**



**ਬਰੇਟਾ (ਰੀਤਵਾਲ)**-ਚਾਂਦਪੁਰਾ ਬੰਨ੍ਹ ਟੁੱਟਣ ਕਾਰਨ ਪਾਣੀ ਲਗਾਤਾਰ ਨਾਲ ਲੱਗਦੇ ਹਰਿਆਣਾ-ਪੰਜਾਬ ਦੇ ਪਿੰਡਾਂ ਨੂੰ ਆਪਣੀ ਝਪੇਟ 'ਚ ਲੈ ਰਿਹਾ ਹੈ। ਗੌਰਖਨਾਥ, ਭਾਵਾ, ਬੀਰੇਵਾਲਾ ਡੋਗਰਾ, ਚੱਕ ਅਲੀਸ਼ੇਰ, ਰਿਉਂਦ ਖੁਰਦ, ਕੁਲਰੀਆਂ, ਕਾਹਨਗੜ੍ਹ ਦੇ ਖੇਤਾਂ 'ਚ ਸੈਂਕੜਾਂ ਪਿੰਡਾਂ ਦੀ ਖੜੀ ਫਸਲ ਨੂੰ ਤਬਾਹ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਗੋਰਖਨਾਥ ਦੇ ਮਿਡਲ ਸਕੂਲ ਤੱਕ ਵੀ ਪਾਣੀ ਪਹੁੰਚ ਚੁੱਕਾ ਹੈ, ਜਿੱਥੇ ਪਿੰਡ ਦੇ ਉਚੇ ਟਿੱਬਿਆਂ ਉੱਪਰ ਰਹਿੰਦੇ ਲੋਕ ਆਪਣੇ ਆਪ ਨੂੰ ਪਾਣੀ ਵਿੱਚ ਘਿਰਿਆ ਮਹਿਸੂਸ ਕਰ ਰਹੇ ਹਨ। ਤਾਜ਼ਾ ਸਥਿਤੀ ਅਨੁਸਾਰ ਪਾਣੀ ਬੀਰੇਵਾਲਾ ਡੋਗਰਾ 'ਚ ਦਾਖਲ ਹੋ ਰਿਹਾ ਹੈ। ਦੂਜੇ ਪਾਸੇ ਸਰਕਾਰ ਦੇ ਹਰਕਤ ਵਿੱਚ ਆਉਂਦਿਆਂ ਐੱਨ.ਡੀ.ਆਰ.ਐੱਫ. ਦੀ ਟੀਮ ਨੇ ਕਿਸ਼ਤੀਆਂ ਤੇ ਬਚਾਓ ਸਮੱਗਰੀਆਂ ਨਾਲ ਚਾਂਦਪੁਰਾ ਬੰਨ੍ਹ ਨੂੰ ਠੀਕ ਕਰਨ ਲਈ ਆਪਣੀ ਕਮਰ ਕੱਸ ਲਈ ਹੈ, ਜਿੱਥੇ ਮਿਲਟਰੀ ਵੱਲੋਂ ਆਪਣੇ ਤਜਰਬੇ ਨਾਲ ਬੰਨ੍ਹ ਦੇ ਪਾੜ ਨੂੰ ਪੂਰਾ ਕਰਨ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਧਰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਅੱਜ ਮੌਕੇ 'ਤੇ ਪਹੁੰਚ ਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ, ਉਥੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਲੋਕਾਂ ਦੀ ਮਦਦ ਲਈ ਮੁਸਤੈਦ ਰਹਿਣ। ਸਰਕਾਰ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ, ਪੰਜਾਬ ਸਰਕਾਰ ਤੁਹਾਡੇ ਹਰ ਮੁਸ਼ਕਲ ਦੇ ਹੱਲ ਲਈ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਵੇਗੀ। ਉਨ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੇ ਜਾਨ-ਮਾਲ ਤੇ ਪਸ਼ੂਧਨ ਦੀ ਰਾਖੀ ਲਈ ਹਰ ਸੰਭਵ ਮਦਦ ਕਰਨ। ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੁਦਰਤੀ ਆਫਤ ਤੋਂ ਕਾਫੀ ਚਿੰਤਤ ਹਨ, ਸਥਿਤੀ ਨੂੰ ਦੇਖਦਿਆਂ ਹਰ ਸੰਭਵ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾ ਨਾਲ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਐੱਸ.ਐੱਸ.ਪੀ. ਮਾਨਸਾ ਡਾ. ਨਾਨਕ ਸਿੰਘ, ਐੱਸ.ਡੀ.ਐੱਮ. ਪ੍ਰਮੋਦ ਸਿੰਗਲਾ, ਤਹਿਸੀਲਦਾਰ ਸੁਰਿੰਦਰਪਾਲ ਸਿੰਘ ਪਨੂੰ, ਨਾਇਬ ਤਹਿਸੀਲਦਾਰ ਬਲਕੌਰ ਸਿੰਘ, ਬੀ ਡੀ ਪੀ ਓ ਸੁਖਵਿੰਦਰ ਸਿੰਘ ਵੱਲੋਂ ਲਗਾਤਾਰ ਰਾਹਤ ਕਾਰਜਾਂ ਵਿੱਚ ਜੁੜੇ ਹੋਏ ਹਨ, ਉਥੇ ਇਲਾਕੇ ਦੀਆਂ ਵੱਖ ਵੱਖ ਸੰਸਥਾਵਾਂ ਰਾਹੀਂ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਰਾਹਤ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ। ਉੱਧਰ ਐੱਸ.ਐੱਸ.ਪੀ. ਡਾ. ਨਾਨਕ ਸਿੰਘ ਦੀ ਅਗਵਾਈ ਹੇਠ ਭਾਰੀ ਪੁਲਸ ਫੋਰਸ ਸਮੇਤ ਪੁਲਸ ਅਧਿਕਾਰੀ ਤੇ ਮੁਲਾਜ਼ਮ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਹਨ। ਭਾਵੇਂ ਅਧਿਕਾਰੀਆਂ ਅਨੁਸਾਰ ਘੱਗਰ ਤੇ ਪਾਣੀ ਦਾ ਦਬਾਅ ਘੱਟਦਾ ਨਜ਼ਰ ਆ ਰਿਹਾ ਹੈ, ਪ੍ਰੰਤੂ ਚਾਂਦਪੁਰਾ ਬੰਨ੍ਹ ਦੇ ਪਾੜ ਕਾਰਨ ਪਾਣੀ ਤੇਜ਼ੀ ਨਾਲ ਪਿੰਡਾਂ ਅੰਦਰ ਵਧ ਰਿਹਾ ਹੈ।

# ਸੁਖਬੀਰ ਨੇ ਘੱਗਰ 'ਚ ਪਏ ਪਾੜ ਨੂੰ ਪੂਰਨ ਦੇ ਸੰਘਰਸ਼ 'ਚ ਕਿਸਾਨਾਂ ਨੂੰ ਮਦਦ ਦੀ ਕੀਤੀ ਪੇਸ਼ਕਸ਼



**ਬਰੇਟਾ (ਰੀਤਵਾਲ)**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਚਾਂਦਪੁਰਾ ਡੈਮ 'ਚ ਪਏ ਪਾੜ ਨੂੰ ਪੂਰਨ ਵਿੱਚ ਕਿਸਾਨਾਂ ਦੀ ਮਦਦ ਕਰਨ ਲਈ ਸਹਾਇਤਾ ਦੀ ਪੇਸ਼ਕਸ਼ ਕੀਤੀ ਤੇ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਸਿਵਲ ਪ੍ਰਸ਼ਾਸਨ ਨੂੰ ਹਦਾਇਤ ਦੇਣ ਕਿ ਉਹ ਕਿਸਾਨਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡਣ ਦੀ ਥਾਂ ਉਨ੍ਹਾਂ ਨਾਲ ਰਲ ਕੇ ਕੰਮ ਕਰਨ। ਪਿੰਡ ਕੁਲਰੀਆਂ ਵਿੱਚ ਪਾੜ ਵਾਲੀ ਥਾਂ ਪਿੰਡ ਵਾਲਿਆਂ ਨਾਲ ਗੱਲਬਾਤ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਹਰਿਆਣਾ ਸਰਕਾਰ ਨੇ ਆਪਣੇ ਇਲਾਕਿਆਂ ਵਿੱਚ ਰਾਹਤ ਦੇਣ ਵਾਸਤੇ ਬੰਨ੍ਹ ਨੂੰ ਤੋੜ ਦਿੱਤਾ ਤੇ ਹੜ੍ਹ ਦਾ ਪਾਣੀ ਪਿੰਡਾਂ ਵਿੱਚ ਵੜਨ ਕਾਰਨ ਮਾਨਸਾ ਪ੍ਰਸ਼ਾਸਨ ਮੌਕੇ ਤੋਂ ਭੱਜ ਗਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਇਹ ਵੀ ਦੱਸਿਆ ਕਿ ਸਿਵਲ ਪ੍ਰਸ਼ਾਸਨ ਨੇ ਤਾਂ ਉਨ੍ਹਾਂ ਨੂੰ ਜੇ ਸੀ ਬੀ ਪ੍ਰਦਾਨ ਕੀਤੀ ਹੈ ਤੇ ਨਾ ਹੀ ਹੜ੍ਹ ਰੋਕੂ ਕੰਮਾਂ ਵਿੱਚ ਲੱਗੇ 100 ਟਰੈਕਟਰਾਂ ਵਾਸਤੇ ਡੀਜ਼ਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਗੁਆਂਢੀ ਪਿੰਡਾਂ ਵਾਲੇ ਕਿਸਾਨ ਵੀ ਉਨ੍ਹਾਂ ਨੂੰ ਮਿਲੇ ਦੱਸਿਆ ਕਿ ਹਰਿਆਣਾ ਸਰਕਾਰ ਨੇ ਪੰਜ ਜੇ ਸੀ ਬੀਜ ਤੇ ਹੋਰ ਮਸ਼ੀਨਰੀ ਤੇ ਬੰਦੇ ਉਨ੍ਹਾਂ ਦੇ ਇਲਾਕੇ ਵਿੱਚ ਘੱਗਰ 'ਤੇ ਤਾਇਨਾਤ ਕੀਤੇ ਹਨ, ਜਦੋਂ ਕਿ ਪੰਜਾਬ ਸਰਕਾਰ ਨੇ ਕੱਖ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਸੂਬਾ ਹੜ੍ਹਾਂ ਵਿੱਚ ਡੁੱਬਾ ਹੈ ਤਾਂ ਉਹ ਰਾਜਨੀਤੀ ਨਹੀਂ ਕਰਨਾ ਚਾਹੁੰਦੇ ਤੇ ਕਿਹਾ ਕਿ ਜਿਸ ਵੀ ਤਰੀਕੇ ਸੰਭਵ ਹੋਵੇ ਰਾਹਤ ਪਹੁੰਚਾਉਣੀ ਸਾਡੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਯੂਥ ਅਕਾਲੀ ਦਲ ਦੇ ਵਾਲੰਟੀਅਰਜ਼ ਪਹਿਲਾਂ ਹੀ ਸੂਬੇ ਭਰ ਵਿੱਚ ਰਾਹਤ ਕਾਰਜਾਂ 'ਚ ਮਦਦ ਕਰ ਰਹੇ ਹਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਭਾਵਤ ਲੋਕਾਂ ਨੂੰ ਲੰਗਰ ਸੇਵਾ ਤੇ ਮੈਡੀਕਲ ਸਹਾਇਤਾ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਸਰਕਾਰ ਜਿਨ੍ਹਾਂ ਦੇ ਘਰ ਤਬਾਹ ਹੋਏ ਤੇ ਫਸਲਾਂ ਤਬਾਹ ਹੋਈਆਂ ਉਨ੍ਹਾਂ ਨੂੰ ਫੌਰੀ ਰਾਹਤ ਪ੍ਰਦਾਨ ਕਰੇਗੀ ਤੇ 25-25 ਹਜ਼ਾਰ ਰੁਪਏ ਪ੍ਰਤੀ ਏਕੜ ਅਗਾਊਂ ਮੁਆਵਜ਼ਾ ਉਨ੍ਹਾਂ ਕਿਸਾਨਾਂ ਨੂੰ ਦੇਵੇਗੀ, ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਹੁਣ ਤੱਕ ਰਾਹਤ ਕਾਰਜ ਸ਼ੁਰੂ ਨਹੀਂ ਹੋ ਸਕੇ, ਜਦੋਂ ਕਿ ਸੂਬਾ ਸਰਕਾਰ ਨੂੰ ਇੱਕ ਹਫਤਾ ਪਹਿਲਾਂ ਹੀ ਕੇਂਦਰ ਸਰਕਾਰ ਤੋਂ 218 ਕਰੋੜ ਰੁਪਏ ਪ੍ਰਾਪਤ ਹੋ ਗਏ ਹਨ।

# ਮੈਂ ਖਾਲਿਸਤਾਨੀ ਹਾਂ, ਮੈਨੂੰ ਹਿੰਦ ਸਰਕਾਰ ਮਾਰ ਦੇਵੇ ਗੋਲੀ : ਸਿਮਰਨਜੀਤ ਮਾਨ

**■ ਜਿਹੜੀਆਂ ਕੌਮਾਂ ਨੌਜਵਾਨਾਂ ਦੇ ਹੱਕਾਂ ਪ੍ਰਤੀ ਚੇਤਨ ਹੁੰਦੀਆਂ ਹਨ, ਉਹ ਜ਼ਿੰਦਾ ਰਹਿੰਦੀਆਂ ਹਨ : ਬਾਸਵੀਨ**



**ਸੰਗਰੂਰ (ਪ੍ਰਵੀਨ ਸਿੰਘ)**-ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਅੰਦਰ ਘੱਟ ਗਿਣਤੀਆਂ 'ਤੇ ਤਸ਼ੱਦਦ ਹੋ ਰਿਹਾ ਹੈ, ਖਾਸ ਕਰਕੇ ਸਿੱਖ ਤੇ ਗੈਰ-ਹਿੰਦੂ ਕਮਿਊਨਟੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇੰਝ ਲੱਗਦਾ ਹੈ ਕਿ ਜਿਵੇਂ ਹਿੰਦੁਸਤਾਨ ਦੀ ਸਰਕਾਰ ਗੈਰ-ਹਿੰਦੂ ਲੋਕਾਂ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ। ਉਨ੍ਹਾ ਕਿਹਾ ਕਿ ਸਿੱਖਾਂ ਨੂੰ ਕੋਈ ਇਤਰਾਜ਼ ਨਹੀਂ ਹੈ, ਜੇਕਰ ਹਿੰਦੂ ਭਾਈਚਾਰਾ ਆਪਣੇ ਭਾਈਚਾਰੇ ਨੂੰ ਤਕੜਾ ਕਰਦਾ ਹੈ। ਉਨ੍ਹਾ ਜਜ਼ਬਾਤੀ ਹੁੰਦਿਆਂ ਇਥੋਂ ਤੱਕ ਆਖ ਦਿੱਤਾ ਕਿ ਜੇਕਰ ਹਿੰਦ ਸਰਕਾਰ ਸਾਨੂੰ ਬਰਦਾਸ਼ਤ ਨਹੀਂ ਕਰਦੀ ਤਾਂ ਮੈਂ ਖਾਲਸਤਾਨੀ ਹਾਂ, ਮੈਨੂੰ ਗੋਲੀ ਮਾਰ ਦੇਵੇ। ਉਨ੍ਹਾ ਇੱਥੇ ਇਹ ਵੀ ਕਿਹਾ ਕਿ ਜੇਕਰ ਖਾਲਸਤਾਨ ਬਣੇਗਾ ਤਾਂ ਲੀਡਰਾਂ ਨੂੰ ਕੁਰਬਾਨੀਆਂ ਦੇਣੀਆਂ ਹੀ ਪੈਣਗੀਆਂ। ਉਨ੍ਹਾ ਕਿਹਾ ਕਿ ਮਨੀਪੁਰ ਦੇਸ਼ ਦਾ ਇੱਕ ਸੂਬਾ ਹੈ, ਜਿਸ ਵਿੱਚ ਇਸ ਤਰ੍ਹਾਂ ਦੇ ਹਾਲਾਤ ਪਿਛਲੇ 2 ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਬਣੇ ਹੋਏ ਹਨ। ਹਿੰਦ ਸਰਕਾਰ ਦਾ ਇਸ ਵੱਲ ਕੋਈ ਧਿਆਨ ਹੀ ਨਹੀਂ ਹੈ। ਉਨ੍ਹਾ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵਿਦੇਸ਼ਾਂ ਵਿੱਚ ਤਾਂ ਫੀਂਗਾਂ ਮਾਰਦੇ ਹਨ, ਪਰ ਜਦੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਮਿਸਟਰ ਬਰਾਕ ਓਬਾਮਾ ਨੇ ਇਹ ਸਵਾਲ ਜ਼ੋਰ ਦੇ ਕੇ ਉਸ ਸਮੇਂ ਉਠਾਏ, ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਅਮਰੀਕਾ ਦਾ ਦੌਰਾ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮਿਸਟਰ ਬਰਾਕ ਓਬਾਮਾ ਨੇ ਇਹ ਗੱਲ ਸਪੱਸ਼ਟ ਸ਼ਬਦਾਂ ਵਿੱਚ ਆਖੀ ਹੈ ਕਿ ਭਾਰਤ ਅੰਦਰ ਕੋਈ ਜਮਹੂਰੀਅਤ ਨਹੀਂ ਹੈ। ਸ੍ਰ. ਮਾਨ ਨੇ ਕਿਹਾ ਕਿ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਅੰਦਰ ਹੜ੍ਹਾਂ ਨੇ ਪੂਰੀ ਤਰ੍ਹਾਂ ਤਬਾਹੀ ਮਚਾਈ ਹੋਈ ਹੈ ਲੋਕਾਂ ਦੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਗੱਲੀਂ-ਬਾਤੀਂ ਸਥਿਤੀ ਕੰਟਰੋਲ ਹੇਠ ਕਹਿ ਰਹੇ ਹਨ। ਉਨ੍ਹਾ ਕਿਹਾ ਕਿ 3 ਮਹੀਨੇ ਪਹਿਲਾਂ ਹੜ੍ਹਾਂ ਤੋਂ ਬਚਾਅ ਲਈ ਸਾਰੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਣਾ ਬਣਦਾ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਧਰ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਮੁੱਦੇ 'ਤੇ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਇਨ੍ਹਾਂ ਦੀ ਇਹ ਆਦਤ ਬਣ ਚੁੱਕੀ ਹੈ ਕਿ ਉਹ ਕੋਈ ਵੀ ਗਲਤੀ ਕਰਕੇ ਦੂਸਰਿਆਂ 'ਤੇ ਮੜ੍ਹ ਦਿੱਤੀ ਜਾਂਦੀ ਹੈ। ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਵਿੱਚ ਆਪ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਉਘੇ ਟਰੇਡ ਯੂਨੀਅਨਿਸਟ ਆਗੂ ਰਹੇ ਬਾਸਵੀਨ ਸਿੰਘ ਭੁੱਲਰ ਨੇ ਅੱਜ ਸ਼੍ਰੋਮਣੀ ਅਕਾਲੀ ਦਲ (ਅ) ਦੀ ਮੈਂਬਰਸ਼ਿਪ ਹਾਸਲ ਕਰ ਲਈ। ਇਸ ਸਮੇਂ ਸ੍ਰ. ਸਿਮਨਰਜੀਤ ਸਿੰਘ ਮਾਨ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਹ ਜਿਹੜੀਆਂ ਮੁਲਾਜ਼ਮ ਜਥੇਬੰਦੀਆਂ ਰਾਹੀਂ ਮੁਲਜ਼ਮਾਂ ਦੇ ਹਿੱਤਾਂ ਦੀ ਰਾਖੀ ਲਈ ਹੁਣ ਤੱਕ ਕੰਮ ਕਰਦੇ ਆ ਰਹੇ ਹ, ਉਨ੍ਹਾਂ ਨੂੰ ਉਹੋ ਜਿਹੀ ਹੀ ਜ਼ਿੰਮੇਵਾਰੀ ਦਿੱਤੀ ਜਾ ਰਹੀ ਹੈ। ਇਸ ਸਮੇਂ ਆਪਣੇ ਸੰਖੇਪ ਜਿਹੇ ਸ਼ਬਦਾਂ 'ਚ ਬੋਲਦਿਆਂ ਬਾਸਵੀਨ ਸਿੰਘ ਭੁੱਲਰ ਨੇ ਕਿਹਾ ਕਿ ਮੈਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕਰਾਂਗਾ ਤੇ ਪੰਜਾਬ ਦੀ ਨੌਜਵਾਨੀ ਨੂੰ ਪਾਰਟੀ ਦੀ ਲਾਈਨ ਨਾਲ ਜੋੜਨ ਦੇ ਯਤਨ ਕਰਾਂਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ, ਹਰਦੀਪ ਸਿੰਘ, ਪਹਿਲਵਾਨ ਗੁਰਵਿੰਦਰ ਚੀਮਾ, ਰਣਜੀਤ ਸਿੰਘ ਚੌਹਾਨ, ਬੀਬੀ ਹਰਪਾਲ ਕੌਰ, ਵਰਿੰਦਰ ਸਿੰਘ, ਜ਼ਿਲ੍ਹਾ ਜਥੇਦਾਰ ਹਰਜੀਤ ਸਿੰਘ ਸੰਜੂਮਾ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਬਹਾਦਰ ਸਿੰਘ ਭਸੌੜ ਤੇ ਜਥੇ. ਗੁਰਜੰਟ ਸਿੰਘ ਕੱਟੂ ਤੇ ਹੋਰ ਆਗੂ ਸ਼ਾਮਲ ਸਨ।

## ਕਾਤਰਾਂ

### ਦੇਸੀ ਕੱਟੇ ਤੇ ਕਾਰਤੂਸਾਂ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਦੀ ਪੁਲਸ ਵੱਲੋਂ ਇਕ ਦੇਸੀ ਕੱਟਾ (ਪਿਸਤੌਲ), 2 ਜਿੰਦਾ ਕਾਰਤੂਸ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਸਮੇਤ ਉਹ ਗਸ਼ਤ ਦੌਰਾਨ ਸਥਾਨਕ ਸ਼ਹਿਰ ਵਿੱਚ ਬਾਹਮਣੀਵਾਲਾ ਚੁੰਗੀ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਵਿਨਰਹੀਰ ਉਰਫ ਵਿਨੇ ਪੁੱਤਰ ਨਰਿੰਦਰ ਕੁਮਾਰ ਵਾਸੀ ਬੱਲੂਆਣਾ ਦੇ ਕੋਲ ਨਜਾਇਜ਼ ਹਥਿਆਰ ਹੈ ਤੇ ਇਸ ਸਮੇਂ ਆਪਣੇ ਘਰ ਵਿੱਚ ਮੌਜੂਦ ਹੈ ਅਤੇ ਕਿਸੇ ਪਾਸੇ ਜਾਣ ਦੀ ਤਿਆਰੀ ਕਰ ਰਿਹਾ ਹੈ ਅਤੇ ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਵਿਨਰਹੀਰ ਉਰਫ ਵਿਨੇ ਨੂੰ 1 ਦੇਸੀ ਕੱਟਾ ਤੇ 2 ਜਿੰਦਾ ਕਾਰਤੂਸ ਸਣੇ ਕਾਬੂ ਕੀਤਾ। ਥਾਣਾ ਸਿਟੀ ਵਿਖੇ ਵਿਨਰਹੀਰ ਉਰਫ ਵਿਨੇ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਹੰਸਾਲੀ ਵਿਖੇ ਗੁਰਮਿਤ ਸਮਾਗਮ 4 ਤੋਂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਸੰਤ ਨਿਰਮਲ ਆਸ਼ਰਮ ਖੇੜਾ ਹੰਸਾਲੀ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਉਪਰੋਕਤ ਜਾਣਕਾਰੀ ਸੰਤ ਬਾਬਾ ਪਰਮਜੀਤ ਸਿੰਘ (ਮੌਜੂਦਾ ਮੁਖੀ ਹੰਸਾਲੀ ਸਾਹਿਬ) ਵੱਲੋਂ ਦਿੱਤੀ ਗਈ। ਸੰਤ ਬਾਬਾ ਪਰਮਜੀਤ ਸਿੰਘ ਜੀ ਨੇ ਦੱਸਿਆ ਕਿ 4 ਅਗਸਤ ਨੂੰ ਸਵੇਰੇ 10 ਵਜੇ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਤੇ ਸੰਪੂਰਨਤਾ 10 ਅਗਸਤ ਨੂੰ ਸਵੇਰੇ 9.30 ਵਜੇ ਹੋਵੇਗ, ਜਿਸ ਉਪਰੰਤ ਪ੍ਰਸਿੱਧ ਰਾਗੀ-ਢਾਡੀ ਕਥਾ ਵਾਚਕ ਗੁਰੂ ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

### 15ਵਾਂ ਗਿਆਰਸ ਮਹਾਂਉਤਸਵ 29 ਨੂੰ

**ਅਹਿਮਦਗੜ੍ਹ (ਪਵਨ ਗੁਪਤਾ)**-ਸਥਾਨਕ ਸ੍ਰੀ ਖਾਟੂ ਸ਼ਿਆਮ ਸੇਵਾ ਮੰਡਲ ਮੰਡੀ ਅਹਿਮਦਗੜ੍ਹ ਵੱਲੋਂ 15ਵਾਂ ਗਿਆਰਸ ਉਤਸਵ 29 ਜੁਲਾਈ ਨੂੰ ਸ਼ਾਮ 7:30 ਵਜੇ ਤੋਂ ਪ੍ਰਭੂ ਇੱਛਾ ਤੱਕ ਗੀਤਾ ਭਵਨ ਰੋਡ ਵਿਖੇ ਕਰਵਾਇਆ ਜਾ ਰਿਹਾ ਹੈ। ਸੰਸਥਾ ਦੇ ਮੁਖੀ ਮੋਹਿਤ ਜਿੰਦਲ ਤੇ ਰੌਬਿਨ ਗੁਪਤਾ ਨੇ ਦੱਸਿਆ ਕਿ ਇਸ ਵਾਰ ਅਹਿਮਦਗੜ੍ਹ ਦੇ ਪ੍ਰਸਿੱਧ ਭਜਨ ਗਾਇਕ ਸੰਗੀਤ ਨਾਗਰ ਬਾਬਾ ਖਾਟੂ ਸ਼ਿਆਮ ਜੀ ਦਾ ਭਜਨ ਗਾਇਨ ਕਰਨਗੇ। ਸੰਸਥਾ ਵੱਲੋਂ ਇਸ ਮੌਕੇ ਗਿਆਰਸ ਲਈ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਲਲਿਤ ਜਿੰਦਲ, ਨਿਸ਼ਾਂਤ ਗੋਇਲ, ਰੋਬਿਨ ਗੁਪਤਾ, ਲੈਕਚਰਾਰ ਲਲਿਤ ਗੁਪਤਾ, ਪੁਨੀਤ ਕੁਮਾਰ ਤੇ ਹੋਰ ਪਤਵੰਤੇ ਹਾਜ਼ਰ ਸਨ।

### ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਦੀ ਪੁਲਸ ਵੱਲੋਂ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਮੱਖਣ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਲੱਧੂਵਾਲਾ ਹਿਠਾੜ ਬੱਸ ਅੱਡਾ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕੁਲਵੰਤ ਸਿੰਘ ਉਰਫ ਕਾਲੂ ਪੁੱਤਰ ਗੁਰਦੀਪ ਸਿੰਘ ਵਾਸੀ ਸੁਖੇਰਾ ਬੋਦਲਾ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ, ਜਦਕਿ ਕੁਲਵੰਤ ਸਿੰਘ ਉਰਫ ਕਾਲੂ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਕੁਲਵੰਤ ਸਿੰਘ ਉਰਫ ਕਾਲੂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਨਮੋਲ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਰੋਸ ਰੈਲੀ

**■ ਜ਼ਿਲ੍ਹਾ ਅਧਿਕਾਰੀਆਂ ਨੂੰ ਅੱਜ ਮਿਲੇਗਾ ਡੈਪੂਟੇਸ਼ਨ**



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**
ਨਮੋਲ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਪਿੰਡ ਨਮੋਲ ਵਿਖੇ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਕਨਵੀਨਰ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਜਰਨਲ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਤੇ ਐਕਸ਼ਨ ਕਮੇਟੀ ਦੇ ਆਗੂ ਕਿਰਤੀ ਮਜ਼ਦੂਰ ਯੂਨੀਅਨ ਕ੍ਰਾਂਤੀਕਾਰੀ ਦੇ ਬਬਲੀ ਅਟਵਾਲ ਨੇ ਕਿਹਾ ਕਿ ਪਿੰਡ ਨਮੋਲ 'ਚ ਮਜ਼ਦੂਰਾਂ ਦੀ ਰੂੜੀਆਂ ਵਾਲੀ ਜਗ੍ਹਾ 'ਤੇ ਧੱਕੇ ਨਾਲ ਭਰਤ ਪਾ ਕੇ ਪਾਰਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਦਾ ਮਜ਼ਦੂਰਾਂ ਵੱਲੋਂ ਵਿਰੋਧ ਕੀਤਾ ਗਿਆ। ਮੌਕੇ 'ਤੇ ਆ ਕੇ ਬੀ ਡੀ ਪੀ ਓ ਸੁਨਾਮ ਵੱਲੋਂ ਫੌਰੀ ਕੰਮ ਬੰਦ ਕਰਨ ਦੇ ਅਦੇਸ਼ ਦਿੱਤੇ ਗਏ ਬੀ ਡੀ ਪੀ ਓ ਦੇ ਅਦੇਸ਼ਾਂ ਨੂੰ ਵੀ ਟਿੱਚ ਜਾਣਦੇ ਹੋਏ ਸਿਆਸੀ ਸ਼ਹਿ ਪ੍ਰਾਪਤ ਜਾਤ ਦੇ ਹੰਕਾਰ ਵਿੱਚ ਚੂਰ ਚੌਧਰੀਆਂ ਵੱਲੋਂ ਕੰਮ ਬੰਦ ਨਹੀਂ ਕੀਤਾ ਗਿਆ। ਜਦੋਂ ਮਜ਼ਦੂਰਾਂ ਵੱਲੋਂ ਵਿਰੋਧ ਕੀਤਾ ਗਿਆ ਤਾਂ ਮਜ਼ਦੂਰਾਂ ਉੱਪਰ ਹਮਲਾ ਕਰ ਦਿੱਤਾ ਗਿਆ। ਮਜ਼ਦੂਰ ਦੇ ਘਰਾਂ 'ਚ ਦਾਖਲ ਹੋ ਕੇ ਮਜ਼ਦੂਰ ਔਰਤਾਂ ਦੀ ਕੁੱਟਮਾਰ ਤੇ ਔਰਤਾਂ ਦੇ ਗੁਪਤ ਅੰਗਾਂ ਤੱਕ ਨੂੰ ਪੱਟਿਆ ਗਿਆ, ਜਿਸ ਨੂੰ ਲੈ ਕੇ ਮਜ਼ਦੂਰਾਂ ਵੱਲੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਪਿਛਲੀ 14 ਜੂਨ ਨੂੰ ਜਦੋਂ ਐੱਸ ਐੱਸ ਪੀ ਦਫਤਰ ਸੰਗਰੂਰ ਦਾ ਘਿਰਾਓ ਕਰਨਾ ਸੀ ਤਾਂ ਪੁਲਸ ਵੱਲੋਂ 15 ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਦੋਸ਼ੀਆਂ 'ਤੇ ਪਰਚਾ ਦਰਜ ਹੋਣ ਦੇ ਬਾਵਜੂਦ ਸਿਆਸੀ ਸ਼ੈਅ ਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ। ਉਲਟਾ ਪਿੰਡ ਵਿੱਚ ਮਜ਼ਦੂਰਾਂ ਦਾ ਅਣ-ਐਲਾਨਿਆ ਬਾਈਕਾਟ ਕਰਕੇ ਮਜ਼ਦੂਰਾਂ ਦਾ ਦੁੱਧ ਤੇ ਦੁਕਾਨਾਂ ਤੋਂ ਰਾਸ਼ਨ ਬੰਦ ਕੀਤਾ ਹੋਇਆ ਹੈ ਅਤੇ ਪੁਲਸ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰ ਰਹੀ, ਜਿਸ ਲਈ ਐਕਸ਼ਨ ਕਮੇਟੀ ਨੇ ਤੈਅ ਕੀਤਾ ਕਿ 17 ਜੁਲਾਈ ਨੂੰ ਡੀ ਸੀ ਤੇ ਐੱਸ ਐੱਸ ਪੀ ਸੰਗਰੂਰ ਨੂੰ ਡੈਪੂਟੇਸ਼ਨ ਮਿਲਿਆ ਜਾਵੇਗਾ ਅਤੇ ਜੇਕਰ ਫਿਰ ਵੀ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਐਕਸ਼ਨ ਕਮੇਟੀ ਅਗਲੇ ਐਕਸ਼ਨ ਦਾ ਐਲਾਨ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਮੇਵਾ ਸਿੰਘ, ਕੇਵਲ ਸਿੰਘ, ਬੰਤਾ ਸਿੰਘ, ਬਲਜੀਤ ਸਿੰਘ ਆਦਿ ਮੌਜੂਦ ਸਨ।

# ਡੇਰਾ ਸ਼ਰਧਾਲੂਆਂ ਨੇ ਪਾਣੀ 'ਚ ਘਿਰੇ ਲੋਕਾਂ ਤੱਕ ਪਹੁੰਚਾਈ ਰਾਹਤ ਸਮਗਰੀ



ਹੜ੍ਹ ਪੀੜਤਾਂ ਲਈ ਸਮੱਗਰੀ ਰਵਾਨਾ ਕਰਦੇ ਹੋਏ ਡੇਰਾ ਸੱਚਾ ਸੌਦਾ ਸਿਰਸਾ ਦੇ ਸੇਵਾਦਾਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਘੱਗਰ ਦੇ ਕਹਿਰ ਕਾਰਨ ਹੜ੍ਹਾਂ 'ਚ ਘਿਰੇ ਲੋਕਾਂ ਲਈ ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਫੋਰਸ ਵਿੰਗ ਦੇ ਸੇਵਾਦਾਰ ਲਗਾਤਾਰ ਮੱਦਦ ਕਰ ਰਹੇ ਹਨ। ਹਲਕਾ ਸ਼ੁਤਰਾਣਾ ਦੇ ਦਰਜਨਾਂ ਪਿੰਡਾਂ 'ਚ ਸੇਵਾਦਾਰਾਂ ਵੱਲੋਂ ਪੁੱਜ ਕੇ ਰਾਹਤ ਸਮੱਗਰੀ ਵੰਡੀ ਜਾ ਰਹੀ ਹੈ।

ਜਾਣਕਾਰੀ ਮੁਤਾਬਕ ਘੱਗਰ 'ਚ ਪਏ ਪਾੜ ਕਾਰਨ ਹਲਕਾ ਸ਼ੁਤਰਾਣਾ ਦੇ ਦਰਜਨਾਂ ਪਿੰਡਾਂ 'ਚ ਪਾਣੀ ਹੀ ਪਾਣੀ ਫੈਲ ਗਿਆ। ਲੋਕਾਂ ਵੱਲੋਂ ਆਪਣੀ ਜਾਨ-ਮਾਲ ਦੀ ਰਾਖੀ ਕੀਤੀ ਜਾ ਰਹੀ ਹੈ। ਇਸ ਦੌਰਾਨ ਆਫਤ 'ਚ ਫਸੇ ਲੋਕਾਂ ਲਈ ਡੇਰਾ ਸੱਚਾ ਸੌਦਾ ਦੇ ਮੁਖੀ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਦਿਆਂ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਫੋਰਸ ਵਿੰਗ ਦੇ ਸੇਵਾਦਾਰ ਸੇਵਾਦਾਰਾਂ ਵੱਲੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਲੰਗਰ, ਪੀਣ ਵਾਲਾ ਪਾਣੀ, ਮੈਡੀਕਲ ਸਹੂਲਤਾਂ, ਸੁੱਕਾ ਰਾਸ਼ਨ ਤੇ ਤਰਪਾਲਾਂ ਆਦਿ ਵੰਡੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪਾਣੀ 'ਚ ਡੁੱਬ ਰਹੇ ਪਸ਼ੂਆਂ ਤੇ ਮਨੁੱਖੀ ਜ਼ਿੰਦਾਂ ਨੂੰ ਵੀ ਆਪਣੀ ਜਾਨ ਜੋਖਮ 'ਚ ਪਾ ਕੇ ਬਚਾਇਆ ਜਾ ਰਿਹਾ ਹੈ। ਸੇਵਾਦਾਰਾਂ ਦੀ ਸੇਵਾ ਭਾਵਨਾ ਤੇ ਅਨੁਸ਼ਾਸਨ ਨੂੰ ਦੇਖਦਿਆਂ ਪਟਵਾਰੀ ਜਸਕਰਨ ਸਿੰਘ ਨੇ ਕਿਹਾ ਕਿ ਆਫਤ ਦੀ ਇਸ ਘੜੀ 'ਚ ਸਭ ਨੂੰ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ ਤੇ ਡੇਰਾ ਸ਼ਰਧਾਲੂਆਂ ਵੱਲੋਂ ਕੀਤੀ ਜਾ ਰਹੀ ਇਹ ਸੇਵਾ ਸ਼ਲਾਘਾਯੋਗ ਹੈ।

# ਹੜ੍ਹ ਪੀੜਤਾਂ ਦੀ ਮਦਦ ਲਈ ਜਲ ਸਪਲਾਈ ਦੇ ਮੋਟੀਵੇਟਰ ਆਏ ਅੱਗੇ



**ਬਰੇਟਾ (ਗੋਬਿੰਦ ਸ਼ਰਮਾ)**-ਪੰਜਾਬ ਵਿੱਚ ਚੱਲ ਰਹੇ ਹੜ੍ਹ ਸੰਕਟ ਨਾਲ ਜਿੱਥੇ ਵੱਖੋ ਵੱਖ ਸਮਾਜ ਸੇਵੀ ਸੰਸਥਾਵਾਂ ਤੇ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਉੱਥੇ ਹੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਮਾਣ ਭੱਤੇ 'ਤੇ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪੰਜਾਬ ਭਰ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਆਪੋ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ। ਜਾਣਕਾਰੀ ਦਿੰਦਿਆਂ ਰਣਵੀਰ ਰਵੀ ਕੁਲਰੀਆਂ ਤੇ ਰਵਿੰਦਰ ਅਲੀਸ਼ੇਰ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਪਿੰਡਾਂ ਵਿੱਚ ਵੱਖ ਵੱਖ ਥਾਵਾਂ, ਉੱਤੇ ਜਿੱਥੇ ਲੋੜਵੰਦਾਂ ਤੱਕ ਰਾਹਤ ਸਮੱਗਰੀ ਪੁੱਜਦੀ ਕਰ ਰਹੇ ਹਨ, ਉਥੇ ਹੀ ਵਿਭਾਗ ਦੇ ਕਰਮਚਾਰੀਆਂ ਨਾਲ ਸੰਪਰਕ ਕਰਕੇ ਬਚਾਓ ਕੰਮਾਂ ਵਿੱਚ ਆਪਣੀ ਭੂਮਿਕਾ ਨਿਭਾਅ ਰਹੇ ਹਨ। ਮਾਲਵੇ ਦੇ ਸੰਗਰੂਰ ਤੇ ਮਾਨਸਾ ਦੇ ਇਲਾਕੇ ਘੱਗਰ ਨਦੀ ਦਾ ਬੰਨ੍ਹ ਟੁੱਟਣ ਨਾਲ ਜ਼ਿਆਦਾ ਪ੍ਰਭਾਵਿਤ ਹੋਏ ਹਨ, ਉੱਥੇ ਉੱਥੇ ਸਾਡੀ ਟੀਮ ਦੇ ਵਰਕਰ ਆਪੋ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ ਤੇ ਨਾਲ ਹੀ ਉਨ੍ਹਾਂ 18 ਜੁਲਾਈ ਨੂੰ ਵਿਭਾਗ ਮੁਖੀ ਨਾਲ ਹੋਣ ਵਾਲੀ ਮੀਟਿੰਗ ਵੀ ਅੱਗੇ ਤਾਰੀਕ ਪਾਉਣ ਲਈ ਵਿਭਾਗ ਨੂੰ ਬੇਨਤੀ ਕੀਤੀ ਹੈ। ਇਸ ਸਮੇਂ ਨੌਕਰੀ ਤੋਂ ਪਹਿਲਾਂ ਮੋਟੀਵੇਟਰ ਵਰਕਰ ਯੂਨੀਅਨ ਆਪਣੇ ਪੰਜਾਬ ਦੇ ਭਲੇ ਲਈ ਵਿਭਾਗ ਨਾਲ ਖੜੀ ਹੈ।

# ਵਾਜਿਬ ਮੰਗਾਂ ਨੂੰ ਮੰਨਵਾਉਣ ਲਈ ਐਕਸ਼ਨ ਕਮੇਟੀ ਵੱਡਾ ਪ੍ਰੋਗਰਾਮ ਉਲੀਕੇਗੀ : ਆਗੂ



**ਮੋਗਾ (ਅਮਰਜੀਤ ਬੱਬਰੀ)**
ਪੰਜਾਬ ਰੋਡਵੇਜ਼/ਪਨਬਸ ਮੁਲਾਜ਼ਮਾਂ ਦੀ ਸਾਂਝੀ ਐਕਸ਼ਨ ਕਮੇਟੀ ਦੀ ਮੀਟਿੰਗ ਨਛੱਤਰ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਮੰਗਤ ਖ਼ਾਨ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਆਗੂਆਂ ਵੱਲੋਂ 12 ਮਈ ਨੂੰ ਮੰਤਰੀ ਵੱਲੋਂ 587 ਬੱਸਾਂ ਰੋਡਵੇਜ਼ ਵਿੱਚ ਮਰਜ ਕਰਨ ਬਾਰੇ ਜੋ ਭਰੋਸਾ ਦਿੱਤਾ ਗਿਆ ਸੀ, ਓਹ ਕੇਵਲ ਲਾਰਾ ਈ ਸਾਬਿਤ ਹੋਇਆ। ਉਸ ਮੀਟਿੰਗ ਵਿੱਚ ਲੰਮੇ ਸਮੇਂ ਤੋਂ ਪੈਂਡਿੰਗ ਪ੍ਰਮੋਸ਼ਨਾਂ ਨੂੰ ਜਲਦ ਕਰਨ ਬਾਰੇ ਵੀ ਐਕਸ਼ਨ ਕਮੇਟੀ ਨੂੰ ਭਰੋਸਾ ਦਿੱਤਾ ਗਿਆ ਸੀ, ਪਰ ਉਹ ਵੀ ਮੁਲਾਜ਼ਮਾਂ ਨਾਲ ਧੋਖਾ ਹੀ ਸਾਬਿਤ ਹੋਇਆ। ਵਿਭਾਗ ਵਿੱਚ ਕੱਚੇ ਕਾਮੇ ਲੰਮੇ ਸਮੇਂ ਤੋਂ ਪੱਕੇ ਹੋਣ ਲਈ ਸੰਘਰਸ਼ਸ਼ੀਲ ਹਨ, ਪਰ ਹਰ ਮੀਟਿੰਗ ਉਪਰੰਤ ਉਨ੍ਹਾਂ ਨੂੰ ਟਾਲ ਦਿੱਤਾ ਜਾਂਦਾ ਹੈ। ਲਗਭਗ 2 ਮਹੀਨੇ ਉਸ ਮੀਟਿੰਗ ਨੂੰ ਬੀਤ ਗਏ ਹਨ, ਪਰ ਸਰਕਾਰ ਜਿਵੇਂ ਗਹਿਰੀ ਨੀਂਦ ਸੁੱਤੀ ਪਈ ਹੈ। ਆਪਣੀਆਂ ਇਨ੍ਹਾਂ ਵਾਜਿਬ ਮੰਗਾਂ ਨੂੰ ਮੰਨਵਾਉਣ ਲਈ ਐਕਸ਼ਨ ਕਮੇਟੀ ਆਉਣ ਵਾਲੇ ਦਿਨਾਂ ਵਿੱਚ ਵੱਡਾ ਐਕਸ਼ਨ ਉਲੀਕ ਰਹੀ ਹੈ। ਸਮੁੱਚੇ ਮੁਲਾਜ਼ਮ ਇਸ ਐਕਸ਼ਨ ਵਿੱਚ ਸ਼ਾਮਲ ਹੁੰਦੇ ਹੋਏ ਆਪਣਾ ਵਿਰੋਧ ਦਰਜ ਕਰਵਾਉਣਗੇ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੀਟਿੰਗ ਵਿੱਚ ਭਾਰੀ ਹੜ੍ਹ ਆਉਣ ਕਾਰਨ ਪੀਆਰਟੀਸੀ ਦੇ, ਜੋ ਮੁਲਾਜ਼ਮ ਸਦੀਵੀ ਵਿਛੋੜਾ ਦੇ ਗਏ ਹਨ, ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਓਥੇ ਹੀ ਜ਼ੋਰਦਾਰ ਮੰਗ ਕੀਤੀ ਗਈ ਕਿ ਆਰਥਿਕ ਸਹਾਇਤਾ ਦੇ ਨਾਲ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇ ਤਾਂ ਜੋ ਪਰਿਵਾਰ ਆਪਣਾ ਗੁਜ਼ਾਰਾ ਕਰ ਸਕੇ। ਮੀਟਿੰਗ ਵਿੱਚ ਐਕਸ਼ਨ ਕਮੇਟੀ ਦੇ ਕਨਵੀਨਰ ਗੁਰਜੀਤ ਸਿੰਘ ਬਰਾੜ, ਕੋ-ਕਨਵੀਨਰ ਗੁਰਜੰਟ ਕੋਕਰੀ ਤੇ ਵੱਖ ਵੱਖ ਜਥੇਬੰਦੀਆਂ ਦੇ ਸੂਬਾਈ ਆਗੂ ਸ਼ਾਮਲ ਸਨ।

# ਸ਼ਹੀਦ ਊਧਮ ਸਿੰਘ ਯਾਦਗਾਰ ਸਭਾ ਜਲਾਲਾਬਾਦ ਦੀ ਮੀਟਿੰਗ

**ਜਲਾਲਾਬਾਦ (ਜੀਤ ਕੁਮਾਰ)**-ਸ਼ਹੀਦ ਊਧਮ ਸਿੰਘ ਯਾਦਗਾਰ ਸਭਾ ਜਲਾਲਾਬਾਦ ਦੀ ਮੀਟਿੰਗ ਪ੍ਰੇਮ ਪ੍ਰਕਾਸ਼ ਰਿਟਾਇਰਡ ਕਾਨੂੰਗੋ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਕੀਤੀ ਗਈ, ਜਿਸ ਵਿੱਚ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਰਾਮ ਮੁਹੰਮਦ ਅਜ਼ਾਦ ਦੇ ਸ਼ਹੀਦੀ ਦਿਹਾੜੇ ਨੂੰ ਸ਼ਰਧਾ ਪੂਰਵਕ ਮਨਾਉਣ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਇਨਕਲਾਬੀ ਸਮਾਗਮ ਇਸ ਵਾਰ 31 ਜੁਲਾਈ ਨੂੰ ਗੁੰਮਾਨੀਵਾਲਾ ਵਿਖੇ ਸਥਿਤ ਪੈਲੇਸ ਵਿਖੇ ਮਨਾਇਆ ਜਾਵੇਗਾ ਤੇ ਲੋਕ ਕਲਾਂ ਮੰਚ ਲਈ ਉੱਘੇ ਨਾਟਕਕਾਰ ਅਨੀਤਾ ਸ਼ਬਦਲ ਨੂੰ ਲਿਆਉਣ ਦਾ ਫੈਸਲਾ ਕੀਤਾ ਗਿਆ। ਸਾਰੇ ਇਨਕਲਾਬੀ ਵਿਚਾਰਧਾਰ ਰੱਖਣ ਵਾਲੇ ਲੋਕਾਂ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਵੀ ਮਤਾ ਪਾਸ ਕੀਤਾ ਗਿਆ ਤਾਂ ਜੋ ਇਸ ਸ਼ਹੀਦੀ ਦਿਹਾੜੇ ਨੂੰ ਸਮਰਪਤ ਹੋਣ ਵਾਲੇ ਸਮਾਗਮ ਵਿੱਚ ਵੱਧ ਤੋਂ ਵੱਧ ਲੋਕ ਪਹੁੰਚ ਸਕਣ ਤੇ ਘਰ ਘਰ ਇਨ੍ਹਾਂ ਇਨਕਲਾਬੀ ਯੋਧਿਆਂ ਦੀ ਸੋਚ ਨੂੰ ਅਪਣਾਇਆ ਜਾ ਸਕੇ। ਇਸ ਮੀਟਿੰਗ ਵਿੱਚ ਪ੍ਰਧਾਨ ਪ੍ਰੇਮ ਪ੍ਰਕਾਸ਼ ਕਾਨੂੰਗੋ, ਤੇਜਪਾਲ ਸਿੰਘ ਜਨਰਲ ਸਕੱਤਰ, ਓਮ ਪ੍ਰਕਾਸ਼ ਰਿਟਾਇਰ ਬੀਪੀਓ, ਫ਼ੁੰਮਣ ਸਿੰਘ ਕਾਠਗੜ੍ਹ ਮੁਲਾਜ਼ਮ ਆਗੂ, ਸੂਬਾ ਸਿੰਘ ਨੰਬਰਦਾਰ, ਬਲਵੀਰ ਸਿੰਘ ਸਿੰਘੇਵਾਲਾ, ਕੇਵਲ ਕ੍ਰਿਸ਼ਨ ਸਵਾਹਵਾਲਾ, ਪ੍ਰੇਮ ਪ੍ਰਕਾਸ਼ ਥਿੰਦ, ਪ੍ਰਕਾਸ਼ ਦੋਸ਼ੀ, ਬਲਦੇਵ ਰਾਜ ਭੜੋਲੀਵਾਲਾ, ਸੋਹਨ ਲਾਲ ਮੁਨੀਮ ਆਦਿ ਹਾਜ਼ਰ ਸਨ।



# ਵੜੈਚ ਕਲੋਨੀ ਵਾਸੀਆਂ ਨੇ ਹੜ੍ਹ ਮਾਰੇ ਪਿੰਡਾਂ 'ਚ ਰਾਹਤ ਸਮਗਰੀ ਭੇਜੀ



**ਸਮਾਣਾ (ਇੱਕਬਾਲ ਸਿੰਘ ਬੱਲ)**-ਪਿਛਲੇ ਦਿਨੀਂ ਕੁਦਰਤ ਦੀ ਕਰੋਪੀ ਕਾਰਨ ਆਏ ਹੜ੍ਹਾਂ ਕਾਰਨ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਤੇ ਕਈ ਹੋਰ ਖੇਤਰਾਂ ਵਿੱਚ ਭਾਰੀ ਨੁਕਸਾਨ ਹੋਇਆ। ਪੰਜਾਬ ਵਿੱਚ ਹਰ ਫਿਰਕੇ ਦੇ ਲੋਕ ਪੀੜਤ ਪਰਿਵਾਰਾਂ ਨੂੰ ਦਿਲਾਸਾ ਦੇ ਰਹੇ ਹਨ ਕਿ ਘਬਰਾਉਣ ਦੀ ਲੋੜ ਨਹੀਂ, ਸਾਰਾ ਪੰਜਾਬ ਉਨ੍ਹਾਂ ਦੇ ਨਾਲ ਹੈ, ਉਨ੍ਹਾਂ ਵਾਸਤੇ ਗੁਰੂ ਕੇ ਲੰਗਰ, ਦਵਾਈਆਂ, ਮੋਮਬੱਤੀਆਂ, ਪਾਣੀ ਤੇ ਹੋਰ ਜ਼ਰੂਰੀ ਵਸਤੂਆਂ ਉਨ੍ਹਾਂ ਤੱਕ ਪਹੁੰਚਣ ਵਿੱਚ ਲੱਗੇ ਹੋਏ ਹਨ। ਇਸ ਦੁੱਖ ਦੀ ਘੜੀ ਵਿੱਚ ਵੜੈਚ ਕਲੋਨੀ ਸਮਾਣਾ ਵਾਸੀਆਂ ਵੱਲੋਂ ਲਗਾਤਾਰ ਹੜ੍ਹ ਪੀੜਤਾਂ ਲਈ ਸੇਵਾਵਾਂ ਜਾਰੀ ਹਨ। ਅੱਜ ਵੜੈਚ ਕਲੋਨੀ ਵਾਸੀਆਂ ਵੱਲੋਂ ਪਾਣੀ ਦੀਆਂ ਬੋਤਲਾਂ ਤੋਂ ਇਲਾਵਾ ਸੁੱਕੀ ਸਮੱਗਰੀ ਵਿੱਚ ਮੋਮਬੱਤੀਆਂ, ਮਾਚਸਾਂ, ਨਮਕੀਨ, ਬਿਸਕੁੱਟ, ਦੁੱਧ, ਗੁੱਡ ਨਾਇਟ, ਓਡੋਮਾਸ, ਮੈਚ ਬੌਕਸ ਤੇ ਹੋਰ ਜ਼ਰੂਰੀ ਸਮਾਨ ਗੁਲਾਹੜ ਤੇ ਹੋਰ ਪਿੰਡਾਂ ਵਿੱਚ ਇਹ ਸੁੱਕਾ ਰਾਸ਼ਣ ਭੇਜਿਆ।

# ਟੈਗੋਰ ਵਿਦਿਆਲਿਆ ਸਕੂਲ ਨੇ ਮਿਸ਼ਨ ਹਰਿਆਲੀ 'ਚ ਲਿਆ ਹਿੱਸਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ ਕੁਲਦੀਪ ਅੱਤਰੀ)**
ਸਥਾਨਕ ਟੈਗੋਰ ਵਿਦਿਆਲਿਆ ਸਕੂਲ ਦੇ ਵਿਦਿਆਰਥੀ ਵਾਤਾਵਰਨ ਦੀ ਸੰਭਾਲ ਨੂੰ ਲੈ ਕੇ ਕੀਤੇ ਜਾਂਦੇ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਮਿਸ਼ਨ ਹਰਿਆਲੀ ਦਿਵਸ ਮਨਾਇਆ ਗਿਆ। ਸੰਸਥਾ ਦੇ ਪ੍ਰਿੰਸੀਪਲ ਮੈਡਮ ਗਿੱਲ, ਕੁਲਦੀਪ ਸਿੰਘ ਮੰਡੇਰ, ਜਤਿੰਦਰ ਰਿਸ਼ੀ ਨੇ ਦੱਸਿਆ ਕਿ ਮਿਸ਼ਨ ਹਰਿਆਲੀ ਦਿਵਸ ਹਰ ਸਾਲ ਅਧਿਆਪਕਾਂ ਤੇ ਵਿਦਿਆਰੀਆਂ ਦੇ ਮਾਪਿਆਂ ਵੱਲੋਂ ਵੱਡੀ ਗਿਣਤੀ ਵਿੱਚ ਬੂਟੇ ਲਾ ਕੇ ਇੱਕ ਵੱਡਾ ਰਿਕਾਰਡ ਕਾਇਮ ਕੀਤਾ ਹੈ। ਇਸ ਵਾਰ ਮਿਸ਼ਨ ਹਰਿਆਲੀ-2023 ਤਹਿਤ ਫਾਉਂਡੇਸ਼ਨ ਵੱਲੋਂ ਇੱਕ ਦਿਨ ਵਿੱਚ ਵੱਡੀ ਗਿਣਤੀ ਵਿੱਚ ਬੂਟੇ ਲਾਉਣ ਦਾ ਟੀਚਾ ਮਿੱਥਿਆ ਹੈ ਤੇ ਫਾਉਂਡੇਸ਼ਨ ਦੇ ਸੱਦੇ 'ਤੇ ਸਹਿਤ ਸਿੱਖਿਆ ਤੇ ਵਾਤਾਵਰਨ ਦੀ ਸੰਭਾਲ ਦੀਆਂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਬੱਚੇ ਹਿੱਸਾ ਲੈਣਗੇ ਤੇ ਇਸ ਨੂੰ ਲੈ ਕੇ ਬੱਚਿਆਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਦੋਦਾ ਵਿਖੇ ਦੁੱਧ ਉਤਪਾਦਕਾਂ ਲਈ ਟ੍ਰੇਨਿੰਗ ਪ੍ਰੋਗਰਾਮ



**ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)**-ਡੇਅਰੀ ਕਿੱਤੇ ਨੂੰ ਪ੍ਰਫੁਲਤ ਕਰਨ ਦੇ ਮੰਤਵ ਨਾਲ ਵੇਰਕਾ ਫਰੀਦਕੋਟ ਡੇਅਰੀ ਵੱਲੋਂ ਭਾਰਤ ਸਰਕਾਰ ਦੇ ਨੈਸ਼ਨਲ ਪ੍ਰੋਗਰਾਮ ਫਾਰ ਡੇਅਰੀ ਡਿਵੈਲਪਮੈਂਟ ਪ੍ਰੋਜੈਕਟ ਅਧੀਨ ਦੁੱਧ ਸੀਤਲ ਕੇਂਦਰ ਦੋਦਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ 'ਚ ਅਨਿਮੇਸ ਪ੍ਰਮਾਣਿਕ, ਡਿਪਟੀ ਜਨਰਲ ਮੈਨੇਜਰ ਤੇ ਖ਼ੁਸ਼ਕਰਨ ਸਿੰਘ, ਡਿਪਟੀ ਮੈਨੇਜਰ ਪ੍ਰੋਕਿਊਰਮੈਂਟ ਵੱਲੋਂ ਪ੍ਰੋਗਰਾਮ ਵਿੱਚ ਆਏ ਸਮੂਹ ਦੁੱਧ ਉਤਪਾਦਕਾਂ ਨੂੰ ਜੀ ਆਇਆਂ ਕਿਹਾ ਤੇ ਵੇਰਕਾ ਅਦਾਰੇ ਅਤੇ ਇਸ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਗੁਰਪ੍ਰਕਾਸ ਸਿੰਘ, ਸੀ ਈ ਆਈ ਪਨਕੋਫੈੱਡ ਵੱਲੋਂ ਦੁੱਧ ਉਤਪਾਦਕਾਂ ਨੂੰ ਸਹਿਕਾਰਤਾ ਲਹਿਰ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵੱਲੋਂ ਸਹਿਕਾਰਤਾ ਵਿਭਾਗ ਦੇ ਕੰਮਕਾਰ ਤੇ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਡਾ. ਹਰਸੁਬੇਗ ਸਿੰਘ, ਇੰਚਾਰਜ ਵੇਰਕਾ ਸੀਮਨ ਸਟੇਸ਼ਨ ਖੰਨਾ ਵੱਲੋਂ ਦੁੱਧ ਉਤਪਾਦਕਾਂ ਨੂੰ ਸਸਤੇ ਭਾਅ 'ਤੇ ਸਪਲਾਈ ਕੀਤੇ ਜਾਂਦੇ ਸੀਮਨ ਤੇ ਪਸ਼ੂਆਂ ਨੂੰ ਆਮ ਤੌਰ 'ਤੇ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸਤਿੰਦਰ ਮੌਰੀਆ, ਡਿਪਟੀ ਜਨਰਲ ਮੈਨੇਜਰ ਤੇ ਪ੍ਰਿਤਪਾਲ ਸਿੰਘ, ਮੈਨੇਜਰ ਘਣੀਏ ਕੇ ਬਾਂਗਰ ਵੱਲੋਂ ਵੇਰਕਾ ਕੈਟਲਫੀਡ, ਮਿਨਰਲ ਮਿਕਸਚਰ ਤੇ ਇਨ੍ਹਾਂ ਦੇ ਫਾਈਦਿਆਂ ਬਾਰੇ ਜਾਣਕਾਰੀ ਦਿੱਤੀ ਗਈ। ਗੁਰਬੀਰ ਸਿੰਘ ਸਹਾਇਕ ਮੈਨੇਜਰ ਵੱਲੋਂ ਦੁੱਧ ਦੀ ਕੁਆਲਿਟੀ ਨੂੰ ਬਰਕਰਾਰ ਰੱਖਣ ਸਬੰਧੀ ਨੁਕਤੇ ਸਾਂਝੇ ਕੀਤੇ ਗਏ।

# ਹੜ੍ਹ ਪੀੜਤਾਂ ਲਈ ਗੁਰੂਘਰ ਤੇ ਸੰਸਥਾਵਾਂ ਨੇ ਭੇਜਿਆ ਰਾਸ਼ਨ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਬੀਤੇ ਦਿਨਾਂ ਤੋਂ ਪੰਜਾਬ ਵਿੱਚ ਆਏ ਹੜ੍ਹਾਂ ਦੇ ਚਲਦਿਆਂ ਲੋਕ ਘਰ ਤੋਂ ਬੇਘਰ ਹੋ ਗਏ ਹਨ, ਪਰ ਇਨ੍ਹਾਂ ਦੀ ਮਦਦ ਲਈ ਗੁਰਦੁਆਰਾ ਸਾਹਿਬ ਤੇ ਹੋਰ ਸੰਸਥਾਵਾਂ ਵੱਲੋਂ ਜਨਤਾ ਦੀ ਮਦਦ ਨਾਲ ਰਾਸ਼ਨ, ਲੰਗਰ, ਹਰਾ-ਚਾਰਾ ਤੇ ਦਵਾਈਆਂ ਭੇਜੀਆਂ ਜਾ ਰਹੀਆਂ ਹਨ, ਜਿਵੇਂ ਕਿ ਕਸਬਾ ਲੌਂਗੋਵਾਲ ਦੇ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਦੀ ਸਮੂਹ ਸਾਧ-ਸੰਗਤ ਵੱਲੋਂ ਲੰਗਰ ਤਿਆਰ ਕਰਕੇ ਮੂਣਕ, ਪਾਤੜਾਂ, ਖਨੌਰੀ ਵੱਲੋਂ ਭੇਜਿਆ ਗਿਆ ਅਤੇ ਡੇਰਾ ਬਾਬਾ ਲੱਛਾ ਦਾਸ ਦੇ ਬਾਬਾ ਮਨੀ ਦਾਸ ਦੇ ਸਹਿਯੋਗ ਨਾਲ ਸਮੂਹ ਸਾਧ ਸੰਗਤ ਨੇ ਪਸ਼ੂਆਂ ਲਈ ਹਰੇ-ਚਾਰੇ ਦੀਆਂ ਟਰਾਲੀਆਂ ਭੇਜੀਆਂ ਜਾ ਰਹੀਆਂ ਹਨ ਅਤੇ ਨਾਲ ਹੀ ਲੋਕਾਂ ਵੱਲੋਂ ਇਨ੍ਹਾਂ ਹੜ੍ਹ ਪੀੜਤਾਂ ਦੀ ਮਦਦ ਲਈ ਆਪਣਾ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਹੈ।

ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿਮਘ ਗਿੱਲ, ਵਿਜੇ ਗੋਇਲ ਲੌਂਗੋਵਾਲ ਵੱਲੋਂ ਵੱਡੀ ਮਾਤਰਾ ਵਿੱਚ ਰਾਸ਼ਨ ਭੇਜਿਆ ਗਿਆ। ਸਥਾਨਕ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਲੌਂਗੋਵਾਲ ਵਿਖੇ ਸਵੇਰ ਸਮੇਂ ਕਥਾਵਾਚਕ ਭਾਈ ਮਨਦੀਪ ਸਿੰਘ ਪਟਿਆਲੇ ਵਾਲੇ ਵੱਲੋਂ ਹੜ੍ਹ ਪੀੜਤਾਂ ਤੇ ਸਮੂਹ ਪੰਜਾਬੀਆਂ ਦੀ ਸੁੱਖ-ਸਾਂਦ ਦੀ ਅਰਦਾਸ ਵੀ ਕੀਤੀ ਜਾ ਰਹੀ ਹੈ।

# ਨਿਸ਼ਕਾਮ ਸਿੱਖ ਕੌਂਸਲ ਤੇ ਭਾਈ ਘਨੱਈਆ ਸੁਸਾਇਟੀ ਨੇ ਹੜ੍ਹ ਪੀੜਤਾਂ ਨੂੰ ਦਿੱਤਾ ਰਾਸ਼ਨ



**ਕੋਟਕਪੂਰਾ (ਰਛਪਾਲ ਭੁੱਲਰ)**
ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ 'ਚ ਲਗਾਤਾਰ ਯਤਨਸ਼ੀਲ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਨਵੀਂ ਦਿੱਲੀ ਤੇ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਨਿਸ਼ਕਾਮ ਕੌਂਸਲ ਦੇ ਸੇਵਾਦਾਰ ਹਰਵਿੰਦਰ ਸਿੰਘ ਮਰਵਾਹਾ ਤੇ ਸੁਸਾਇਟੀ ਦੇ ਕਾਰਜਕਾਰੀ ਪ੍ਰਧਾਨ ਮੱਘਰ ਸਿੰਘ ਖਾਲਸਾ ਮੁਤਾਬਿਕ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਮੁੱਠਿਆਂਵਾਲੀ, ਟੱਲੀ ਗ੍ਰਾਮ, ਧੀਰਾ ਘਾਰਾ, ਮਿੱਠੜੀ, ਨਿਹਾਲਾ ਲਵੇਰਾ, ਬੰਡਿਆਲਾ ਆਦਿ ਪਿੰਡਾਂ ਵਿੱਚ ਸੁੱਕਾ ਰਾਸ਼ਨ ਹੜ੍ਹ ਪੀੜਤ ਲੋੜਵੰਦ ਪਰਿਵਾਰਾਂ ਤੱਕ ਪੁੱਜਦਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਭਾਵੇਂ ਹੋਰ ਵੀ ਅਨੇਕਾਂ ਸੰਸਥਾਵਾਂ ਤੇ ਜਥੇਬੰਦੀਆਂ ਵੱਲੋਂ ਆਪੋ ਆਪਣੇ ਤੌਰ 'ਤੇ ਰਾਹਤ ਕਾਰਜ ਸ਼ੁਰੂ ਕੀਤੇ ਗਏ ਹਨ, ਪਰ ਉੱਥੋਂ ਦੇ ਲੋਕਾਂ ਦੀ ਜ਼ਿਆਦਾ ਮੰਗ ਪਸ਼ੂਆਂ ਦੇ ਹਰੇ ਚਾਰੇ ਤੇ ਫੀਡ ਦੇ ਨਾਲ ਨਾਲ ਪਸ਼ੂਆਂ ਦੀਆਂ ਦਵਾਈਆਂ ਦੀ ਹੈ, ਕਿਉਂਕਿ ਕਈ ਪਾਸੇ ਪਸ਼ੂ ਧਨ ਦਾ ਨੁਕਸਾਨ ਵੀ ਹੋਇਆ ਹੈ ਤੇ ਹੜ੍ਹ ਦੇ ਪਾਣੀ ਕਾਰਨ ਕਈ ਇਲਾਕਿਆਂ 'ਚ ਪਸ਼ੂਆਂ ਨੂੰ ਵੱਖ-ਵੱਖ ਕਿਸਮਾਂ ਦੀਆਂ ਬਿਮਾਰੀਆਂ ਲੱਗ ਗਈਆਂ ਹਨ, ਇਸ ਲਈ ਪਸ਼ੂਆਂ ਦੀਆਂ ਦਵਾਈਆਂ ਜਲਦ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਉਕਤ ਵਫਦ ਵਿੱਚ ਸ਼ਾਮਲ ਗੁਰਮੀਤ ਸਿੰਘ ਸੰਧੂ, ਇੰਸ. ਹਰੀਸ਼ ਵਰਮਾ, ਐਡਵੋਕੇਟ ਰਮਨਦੀਪ ਸਿੰਘ, ਗੁਰਵਿੰਦਰ ਸਿੰਘ, ਮਨਮੋਹਨ ਸਿੰਘ, ਸੁਖਵੰਤ ਸਿੰਘ ਤੇ ਪਰਮਜੀਤ ਸਿੰਘ ਨੇ ਵੱਖ ਵੱਖ ਪਰਿਵਾਰਾਂ ਨਾਲ ਗੱਲਬਾਤ ਕਰਨ ਉਪਰੰਤ ਨਤੀਜਾ ਕੱਢਿਆ ਕਿ ਹੁਣ ਰਾਸ਼ਨ ਦੀ ਨਹੀਂ, ਬਲਕਿ ਦਵਾਈਆਂ ਦੀ ਜ਼ਿਆਦਾ ਜ਼ਰੂਰਤ ਹੈ।

# ਯੂਥ ਆਗੂ ਸ਼ੰਕਰ ਕਟਾਰੀਆ ਨੇ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਰਾਸ਼ਨ ਤੇ ਹਰਾ ਚਾਰਾ ਪਹੁੰਚਾਇਆ



ਹੜ੍ਹ ਪ੍ਰਭਾਵਿਤ ਇਲਾਕੇ 'ਚ ਪਸ਼ੂਆਂ ਲਈ ਹਰਾ ਚਾਰਾ ਲੈ ਕੇ ਜਾਂਦੇ ਹੋਏ ਸੰਕਰ ਕਟਾਰੀਆ ਤੇ ਹੋਰ।

**ਮੱਖੂ (ਰਛਪਾਲ ਸਿੰਘ ਸੰਧੂ)**
ਪਿਛਲੇ ਦਿਨੀਂ ਹੋਈ ਭਾਰੀ ਬਾਰਸ਼ ਕਾਰਨ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਪਾਣੀ ਆਉਣ ਕਾਰਨ ਕਈ ਪਿੰਡਾਂ ਵਿੱਚ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ।

ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਵੱਲੋਂ ਆਪਣੇ ਸਾਥੀਆਂ ਨਾਲ ਹੜ੍ਹ ਦੇ ਪਾਣੀ ਵਿੱਚ ਫਸੇ ਹੋਏ ਲੋਕਾਂ ਨੂੰ ਕਿਸ਼ਤੀਆਂ ਨਾਲ ਬਾਹਰ ਕੱਢ ਕੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ ਜਾ ਰਿਹਾ। ਉੱਥੇ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਸੰਕਰ ਕਟਾਰੀਆ ਯੂਥ ਆਗੂ ਵੱਲੋਂ ਆਪਣੇ ਸਾਥੀਆਂ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚ ਕੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ, ਤਰਪਾਲਾਂ, ਪਸ਼ੂਆਂ ਲਈ ਹਰਾ ਚਾਰਾ ਦਿੱਤਾ ਜਾ ਰਿਹਾ ਹੈ। ਇਸ ਮੌਕੇ ਯੂਥ ਆਗੂ ਸੰਕਰ ਕਟਾਰੀਆ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਕਈ ਇਲਾਕਿਆਂ ਦਾ ਭਾਰੀ ਨੁਕਸਾਨ ਹੋਇਆ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ, ਅਜਿਹੇ 'ਚ ਪੂਰੇ ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਤੋਂ ਉਪਰ ਉੱਠ ਕੇ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਸੰਕਰ ਕਟਾਰੀਆ ਨਾਲ ਸੰਦੀਪ ਠੁਕਰਾਲ, ਗੋਪੀ ਐਮ ਸੀ ਜ਼ੀਰਾ, ਗਗਨ ਸਰਪੰਚ, ਸੌਰਵ ਅਹੂਜਾ, ਵਿਵੇਕ ਮੋਗਾ, ਸੁੱਖ ਜ਼ੀਰਾ, ਗੋਰਾ ਬੱਗੀ ਪਤਨੀ, ਜਸਦੀਪ ਮੱਲੋ ਕੇ, ਰਣਬੀਰ ਸਿੰਘ, ਜੱਜਬੀਰ ਵਾਰਸ ਵਾਲਾ, ਜੱਜ ਮਹਿਤਾ, ਪੰਕਜ ਛਾਬੜਾ, ਰਣਜੀਤ ਸਿੰਘ ਰਾਣਾ ਬਾਹਰ ਵਾਲੀ, ਰਾਣਾ ਵਾਰਸ ਵਾਲਾ, ਅਮਨ ਵਰ੍ਹਿਆਂ, ਬੱਬੂ ਕੁੱਤਬ ਪੁਰ, ਪੱਪੂ ਜੋਗੇ ਵਾਲਾ ਆਦਿ ਹਾਜ਼ਰ ਸਨ।

CMYK

17-JULY-PAGE-10.qxd 7/16/2023 8:45 PM Page 1



# ਹੜ੍ਹਾਂ ਕਾਰਨ ਫਸਲਾਂ ਤੇ ਮਕਾਨਾਂ ਦੀ ਹੋਈ ਤਬਾਹੀ ਲਈ ਸਰਕਾਰ ਜ਼ਿੰਮੇਵਾਰ : ਏ ਆਈ ਕੇ ਐੱਫ

**ਦੋਰਾਹਾ (ਹਰਮਿੰਦਰ ਸੇਠ)**

ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਪੰਜਾਬ ਦੀ ਸੂਬਾ ਕਮੇਟੀ ਦੀ ਪ੍ਰੇਮ ਸਿੰਘ ਭੰਗੂ ਦੀ ਪ੍ਰਧਾਨਗੀ ਹੇਠ ਮੀਟਿੰਗ ਦੇ ਸ਼ੁਰੂ ਵਿੱਚ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਵਿੱਚ ਮਾਰੇ ਗਏ ਵਿਆਕਤੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਕੁੱਲ ਹਿੰਦ ਕਿਸਾਨ ਫੈਰੇਸ਼ਨ ਦੇ ਪ੍ਰਧਾਨ ਪ੍ਰੇਮ ਸਿੰਘ ਭੰਗੂ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਕਿਸਾਨੀ ਸੰਘਰਸ਼ ਨੂੰ ਲੈ ਕੇ ਪਹਿਲਾਂ ਚੰਡੀਗੜ੍ਹ ਪ੍ਰਸ਼ਾਸਨ ਨੇ ਅਤੇ ਹੁਣ ਮੁਹਾਲੀ ਅੰਦਰ ਲਗਾਈ ਗਈ ਧਾਰਾ 144 ਲਗਾਉਣ ਦੀ ਸਖਤ ਨਿਖੇਧੀ ਕਰਦਿਆਂ ਸਰਕਾਰ ਦਾ ਕਿਸਾਨ ਵਿਰੋਧੀ ਵਤੀਰਾ ਜਗ-ਜ਼ਾਹਰ ਹੋ ਗਿਆ। ਅਜਿਹਾ ਕਰਕੇ ਸਰਕਾਰ ਬੁਖਲਾਅ ਗਈ ਹੈ। ਹੜ੍ਹਾਂ ਕਾਰਨ ਹੋਈ ਜਾਨ-ਮਾਲ ਤੇ ਫਸਲਾਂ ਦੀ ਬਰਬਾਦੀ ਦੀ ਪੰਜਾਬ ਸਰਕਾਰ ਜ਼ਿੰਮੇਵਾਰ ਹੈ, ਜਿਸ ਨੇ ਹਰ ਸਾਲ ਹੁੰਦੀ ਤਬਾਹੀ ਰੋਕਣ ਲਈ ਸਮੇਂ ਸਿਰ ਕੋਈ ਪ੍ਰਬੰਧ ਨਹੀਂ ਕੀਤੇ। ਦਰਿਆਵਾਂ ਦੇ ਕੰਢਿਆਂ ਉੱਪਰ ਰਸੂਖਵਾਨ ਲੋਕਾਂ ਵੱਲੋਂ ਕੀਤੀਆਂ ਨਜਾਇਜ਼ ਉਸਾਰੀਆਂ ਵੱਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ, ਜਿਸ ਦਾ ਖਮਿਆਜ਼ਾ ਆਮ ਲੋਕਾਂ ਖਾਸ ਕਰ ਕਿਸਾਨੀ ਨੂੰ ਭੁਗਤਨਾ ਪੈ ਰਿਹਾ ਹੈ। ਏ ਆਈ ਕੇ ਐੱਫ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਨੇ ਪਾਣੀ ਤੇ ਹਵਾ ਦੇ ਹੋ ਰਹੇ ਪ੍ਰਦੂਸ਼ਣ ਬਾਰੇ ਸਰਕਾਰ ਵੱਲੋਂ ਸਨਅਤੀ ਅਦਾਰਿਆਂ ਵੱਲੋਂ ਦਰਿਆਵਾਂ ਵਿੱਚ ਜ਼ਹਿਰੀਲਾ ਪਾਣੀ ਸੁੱਟੇ ਜਾਣ ਨਾਲ ਧਰਤੀ ਤੇ ਦਰਿਆਵਾਂ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਤ ਹੋ ਰਿਹਾ ਹੈ। ਜ਼ਹਿਰੀਲੀਆਂ ਗੈਸਾਂ ਹਵਾ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। ਪਵਨ ਕੁਮਾਰ ਸੋਗਲਪੁਰ ਨੇ ਹੜ੍ਹਾਂ ਕਾਰਨ ਫਸਲਾਂ ਦੀ ਹੋਈ ਤਬਾਹੀ, ਲੋਕਾਂ ਦੇ ਢਹਿ ਗਏ ਮਕਾਨਾਂ ਤੇ ਰੁੜ੍ਹ ਗਈਆਂ ਝੁੱਗੀ ਝੌਂਪੜੀਆਂ ਲਈ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ।

ਫੈਡਰੇਸ਼ਨ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਤੇ ਸਕੱਤਰ ਜੋਰਾ ਸਿੰਘ ਨੇ ਸਰਕਾਰ ਤੋਂ ਸਾਰੀਆਂ ਫਸਲਾਂ ਦੀ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਘੱਟੋ-ਘੱਟ ਸਮਰਥਨ ਮੁੱਲ ਦੇਣ ਤੇ ਸਰਕਾਰੀ ਖਰੀਦ ਕਰਨ ਦੀ ਮੰਗ ਕੀਤੀ। ਪੰਜਾਬ ਸਰਕਾਰ ਵੱਲੋਂ ਮੂੰਗੀ ਤੇ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ ਤਹਿ ਕਰਨ ਦੇ ਬਾਵਜੂਦ ਮੂੰਗੀ ਤੇ ਮੱਕੀ ਨਿਰਧਾਰਤ ਐੱਮ ਐੱਸ ਪੀ ਤੋਂ ਹੇਠਾਂ ਖਰੀਦੀ ਜਾ ਰਹੀ ਹੈ। ਪੰਜ ਕਿਸਾਨ ਜਥੇਬੰਦੀਆਂ ਵੱਲੋਂ ਉਪਰੋਕਤ ਮੰਗਾਂ ਨੂੰ ਲੈ ਕੇ ਵਿੱਢੇ ਜਾਣ ਵਾਲੇ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦਾ ਫੈਸਲਾ ਕੀਤਾ ਗਿਆ। ਰਣਜੀਤ ਸਿੰਘ, ਗੁਰਦੀਪ ਸਿੰਘ, ਇਕਬਾਲ ਸਿੰਘ ਮੰਡੋਲ ਤੇ ਜੋਗਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।



# ਸਤਨਾਮ ਚਾਨਾ ਦੀ ਪੁਸਤਕ 'ਚਿੰਤਨ ਪ੍ਰਕਿਰਿਆ : ਦਲੀਲ ਬਾਦਲੀਲ' 'ਤੇ ਵਿਚਾਰ-ਗੋਸ਼ਟੀ

**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਲੋਕ ਮੰਚ ਪੰਜਾਬ ਵੱਲੋਂ ਸ੍ਰੀ ਸਤਨਾਮ ਚਾਨਾ ਦੀ ਪੁਸਤਕ 'ਚਿੰਤਨ ਪ੍ਰਕਿਰਿਆ : ਦਲੀਲ ਬਾਦਲੀਲ' 'ਤੇ ਵਿਚਾਰ ਗੋਸ਼ਟੀ ਕੀਤੀ ਗਈ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਜਗਮੋਹਨ ਸਿੰਘ, ਸ. ਸੁਰਿੰਦਰ ਸਿੰਘ ਸੁੰਨੜ, ਡਾ. ਕਰਮਜੀਤ ਸਿੰਘ, ਸ੍ਰੀ ਸਤਨਾਮ ਚਾਨਾ, ਸ੍ਰੀ ਬਲਵਿੰਦਰ ਗਰੇਵਾਲ ਤੇ ਡਾ. ਗੁਰਇਕਬਾਲ ਸਿੰਘ ਸ਼ਾਮਲ ਸਨ। ਸਮਾਗਮ ਵਿੱਚ ਪੰਜਾਬ ਭਰ ਤੋਂ ਵੱਖ ਵੱਖ ਸਭਾਵਾਂ ਤੇ ਜਥੇਬੰਦੀਆਂ ਦੇ ਸੌ ਦੇ ਲਗਭਗ ਨੁਮਾਇੰਦਿਆਂ ਨੇ ਭਾਗ ਲਿਆ। ਇਸ ਪੁਸਤਕ ਸੰਬੰਧੀ ਜਾਣਕਾਰੀ ਪ੍ਰਦਾਨ ਕਰਦਿਆਂ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਇਸ ਵਿੱਚ ਸਮਾਜ ਦੇ ਵੱਖ ਵੱਖ ਸਵਾਲਾਂ ਤੇ ਉਨ੍ਹਾਂ ਵਿਚਲੀਆਂ ਗੁੰਝਲਤਾਵਾਂ ਨੂੰ ਬਾਰਾਂ ਅਧਿਆਇਆਂ ਵਿੱਚ ਵਿਚਾਰਧਾਰਕ ਤੌਰ 'ਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪੁਸਤਕ ਸੰਬੰਧੀ ਮੁੱਖ ਪੇਪਰ ਪ੍ਰਸਿੱਧ ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਪੇਸ਼ ਕਰਦਿਆਂ ਕਿਹਾ ਕਿ ਜਿਸ ਕਿਸਮ ਨਾਲ ਭਾਰਤੀ ਚਿੰਤਨ ਪ੍ਰੰਪਰਾਵਾਂ ਨੂੰ ਅਜੋਕੇ ਦੌਰ ਵਿੱਚ ਵਿਗਾੜ ਕੇ ਪੇਸ਼ ਕੀਤਾ ਗਿਆ ਹੈ, ਉਥੇ ਲੇਖਕ ਨੇ ਆਰਥਿਕ ਤੇ ਸਮਾਜਿਕ ਤੌਰ 'ਤੇ ਵਿਕਸਤ ਹੋਈਆਂ ਲੋਕ-ਪੱਖੀ ਵਿਰਾਸਤਾਂ ਨੂੰ ਉੱਚਿਆ ਕੇ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਪੰਜਾਬੀਅਤ ਨੂੰ ਜਿਸ ਤਰ੍ਹਾਂ ਪ੍ਰਭਾਸ਼ਤ ਕੀਤਾ ਗਿਆ ਹੈ ਕਿ ਪੰਜਾਬ ਦੀ ਅੰਦਰੂਨੀ ਬਣਤਰ ਤੇ ਇਸ ਦੀਆਂ ਸੱਭਿਆਚਾਰਕ ਵੰਨਗੀਆਂ ਪੰਜਾਬੀਅਤ ਦਾ ਪ੍ਰਮੁੱਖ ਸਰੂਪ ਖੜਾ ਰੱਖਣ ਵਿੱਚ ਕਾਰਜਸ਼ੀਲ ਹਮੇਸ਼ਾ ਹੀ ਇਤਿਹਾਸ ਦੇ ਪੰਨਿਆਂ 'ਤੇ ਰਹੀਆਂ ਹਨ। ਇਸ ਨੂੰ ਹੋਰ ਡੂੰਘਾ ਕਰਨ ਲਈ ਗੁਰੂ ਨਾਨਕ ਚਿੰਤਨ ਪ੍ਰਕਿਰਿਆ ਨੇ ਬਲ ਬਖਸ਼ਿਆ ਹੈ ਤੇ ਇਥੋਂ ਤੱਕ ਪੰਜਾਬ ਦੀ ਧਰਤੀ 'ਤੇ ਪਹਿਲਾ ਲੋਕ-ਪੱਖੀ ਰਾਜ ਸਿਰਜਨ ਦਾ ਸਿਹਰਾ ਬੰਦਾ ਸਿੰਘ ਬਹਾਦਰ ਨੂੰ ਜਾਂਦਾ ਹੈ। ਇਸੇ ਤਰ੍ਹਾਂ ਗਦਰ ਲਹਿਰ ਦੀਆਂ ਜੋ ਬੁਨਿਆਦਾਂ, ਜਾਤਾਂ, ਮਜ਼੍ਹਬਾਂ ਤੇ ਧਰਮਾਂ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਵਾਲੇ ਸਮਾਜ ਸਿਰਜਨ ਦੀਆਂ ਤੰਦਾਂ ਬਣਾਉਂਦੀ ਹੈ। ਇਨ੍ਹਾਂ ਵਿਰਾਸਤਾਂ ਦੀਆਂ ਵੱਖੋ ਵੱਖਰੀਆਂ ਨਿਸ਼ਾਨਦੇਹੀਆਂ ਇਸ ਪੁਸਤਕ 'ਚ ਕੀਤੀਆਂ ਗਈਆਂ ਹਨ।

ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਤਾਬ ਸੰਬੰਧੀ ਵਿਚਾਰ ਰੱਖਦਿਆਂ ਕਿਹਾ ਕਿ ਭਾਰਤੀ ਚਿੰਤਨ ਪ੍ਰਕਿਰਿਆ ਤੋਂ ਲੈ ਕੇ ਅਜੋਕੇ ਕਾਰਪੋਰੇਟੀ ਆਰਥਿਕ ਮਾਡਲ ਦੀਆਂ ਬਾਰੀਕੀਆਂ ਤੇ ਉਨ੍ਹਾਂ ਵਿਚਲੇ ਸੰਘਰਸ਼ੀ ਨੁਕਤਿਆਂ ਨੂੰ ਜਿਸ ਕਿਸਮ ਨਾਲ ਲੇਖਕ ਨੇ ਪਕੜਿਆ ਹੈ ਅਤੇ ਕਲਮਬੱਧ ਕੀਤਾ ਹੈ, ਉਹ ਸਮਾਜਿਕ ਸੰਘਰਸ਼ਾਂ ਲਈ ਬੇਹੱਦ ਮੁੱਲਵਾਨ ਹੈ। ਸਮਾਗਮ ਦੇ ਪ੍ਰਧਾਨਗੀ ਭਾਸ਼ਣ 'ਚ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਸਭ ਤੋਂ ਵੱਡੀ ਜ਼ਰੂਰਤ ਆਪਣੇ ਵਿਚਾਰਾਂ ਤੇ ਇਤਿਹਾਸਕ ਵਿਰਾਸਤਾਂ ਵਾਲੇ ਪਾਤਰਾਂ, ਜਿਨ੍ਹਾਂ ਵਿੱਚ ਗਦਰੀ ਬਾਬੇ ਤੇ ਭਗਤ ਸਿੰਘ ਸ਼ਾਮਲ ਹਨ, ਉਨ੍ਹਾਂ ਨੂੰ ਨੌਜਵਾਨ ਪੀੜ੍ਹੀ ਨਾਲ ਜੋੜਨ ਦੀ ਹੈ। ਇਸ ਕਾਰਜ ਲਈ ਇਹ ਪੁਸਤਕ ਬਹੁਤ ਹੀ ਅਹਿਮੀਅਤ ਰੱਖਦੀ ਹੈ।

ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਜਿਸ ਕਿਸਮ ਨਾਲ ਅਜੋਕੀਆਂ ਸੰਘਰਸ਼ਸ਼ੀਲ ਲਹਿਰਾਂ ਜੂਝ ਰਹੀਆਂ ਹਨ, ਉਨ੍ਹਾਂ ਨੂੰ ਵਿਚਾਰਧਾਰਕ ਤੌਰ 'ਤੇ ਵਿਕਸਿਤ ਕਰਨ ਲਈ ਇਹ ਕਿਤਾਬ ਅਹਿਮ ਕਾਰਜ ਕਰਦੀ ਹੈ। ਪੁਸਤਕ ਦੇ ਲੇਖਕ ਸ੍ਰੀ ਸਤਨਾਮ ਚਾਨਾ ਨੇ ਕਿਹਾ ਕਿ ਜਦੋਂ ਵੀ ਮੈਂ ਕੋਈ ਲਿਖਤ ਲਿਖਦਾ ਹਾਂ ਤਾਂ ਸਭ ਤੋਂ ਪਹਿਲਾਂ ਪਾਠਕ ਨੂੰ ਧਿਆਨ ਵਿੱਚ ਰੱਖਦਾ ਹਾਂ ਕਿ ਉਸ ਦੀ ਸਮਝਦਾਰੀ ਵਿੱਚ ਇਹ ਵਿਚਾਰ ਪਾ ਸਕਿਆ ਹਾਂ ਅਤੇ ਉਸ ਦਾ ਸੋਚਣ ਦਾ ਢੰਗ ਵਿਕਸਿਤ ਕਰਨ ਵਿੱਚ ਮੇਰੀਆਂ ਲਿਖਤਾਂ ਕਿੰਨਾ ਕੁ ਯੋਗਦਾਨ ਪਾ ਸਕਦੀਆਂ ਹਨ। ਹਾਲਾਂ ਕਿ ਅਸੀਂ ਇਤਿਹਾਸ ਦੇ ਉਸ ਦੌਰ ਵਿੱਚ ਹਾਂ, ਜਦੋਂ ਗਲਤ ਧਾਰਨਾਵਾਂ ਕੁੰਡਲੀ ਬਣਾ ਕੇ ਸਮਾਜ ਨੂੰ ਅਗਾਂਹ ਵਧਣ ਤੋਂ ਰੋਕ ਰਹੀਆਂ ਹਨ। ਇਸ ਚਰਚਾ ਵਿੱਚ ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ੍ਰ. ਸੁਰਿੰਦਰ ਸਿੰਘ ਸੁੰਨੜ, ਡਾ. ਕਰਮਜੀਤ ਸਿੰਘ ਨੇ ਵੀ ਹਿੱਸਾ ਲਿਆ। ਸਟੇਜ ਦਾ ਸੰਚਾਲਨ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਕੀਤਾ।



## ਕਾਤਰਾਂ

### ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਤੇ ਸਹਿਯੋਗੀ ਦਲਾਂ ਦੀ ਹੰਗਾਮੀ ਮੀਟਿੰਗ ਭਲਕੇ

**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਨਿੱਜੀ ਸਕ. ਬਲਵੰਤ ਸਿੰਘ ਨੰਬਰਦਾਰ ਦੇ ਸਪੁੱਤਰ ਰੁਪਿੰਦਰ ਸਿੰਘ ਦੁੱਲਟ ਨੰਬਰਦਾਰ ਨੇ ਦੱਸਿਆ ਕਿ 18 ਜੁਲਾਈ ਨੂੰ ਭਾਜਪਾ ਤੇ ਸਹਿਯੋਗੀ ਦਲਾਂ ਦੀ ਸ਼ਮੂਲੀਅਤ ਵਾਲੇ ਐੱਨ.ਡੀ.ਏ. ਦੀ ਹੰਗਾਮੀ ਮੀਟਿੰਗ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਸੱਦਾ ਪੱਤਰ ਦਿੱਤੇ ਜਾਣ 'ਤੇ ਪਾਰਟੀ ਦੇ ਸਥਾਨਕ ਵਰਕਰਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ, ਜਿਸ ਵਿੱਚ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ ਨਮੋਲ, ਚੇਅਰਮੈਨ ਜੀਤ ਸਿੰਘ ਸਿੱਧੂ ਲੌਂਗੋਵਾਲ, ਬਿੰਦਰਪਾਲ ਸ਼ਰਮਾ ਨਮੋਲ, ਡਾ. ਰੂਪ ਸਿੰਘ ਸ਼ੇਰੋਂ, ਪ੍ਰਿੰ. ਹਰਪ੍ਰੀਤ ਸਿੰਘ ਸਿੱਧੂ ਲੌਂਗੋਵਾਲ, ਸਾਬਕਾ ਪ੍ਰਧਾਨ ਜਗਦੇਵ ਸਿੰਘ ਸਿੱਧੂ, ਸਾਬਕਾ ਪ੍ਰਧਾਨ ਦਲਜੀਤ ਸਿੰਘ ਸਿੱਧੂ, ਹਰਮੇਸ਼ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਨੂੰ ਐੱਨ.ਡੀ.ਏ. ਦੀ ਮੀਟਿੰਗ ਵਿੱਚ ਸੱਦਾ ਦੇਣ ਦੀ ਕਾਰਵਾਈ ਦਾ ਭਰਵਾਂ ਸਵਾਗਤ ਕੀਤਾ।

### ਜੀਵਨ ਹਲਕਾ, ਇੱਛਾਵਾਂ ਵਜ਼ਨੀ : ਸ਼ਾਂਤਨੂੰ



**ਜੈਤੋ (ਸਤੀਸ਼ ਕੁਮਾਰ ਭੀਗੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸਾਂਤਨੂੰ ਨੇ ਮੀਡੀਆ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਜ਼ਨ ਤਾਂ ਸਿਰਫ ਸਾਡੀਆਂ ਇੱਛਾਵਾਂ ਦਾ ਹੈ, ਜਦਕਿ ਜ਼ਿੰਦਗੀ ਤਾਂ ਬਿਲਕੁਲ ਹਲਕੀ ਫੁਲਕੀ ਹੈ। ਉਨ੍ਹਾ ਕਿਹਾ ਕਿ ਸਮੱਸਿਆਵਾਂ ਸਾਡੇ ਜੀਵਨ 'ਚ ਬਿਨਾਂ ਕਿਸੇ ਕਾਰਨ ਨਹੀਂ ਆਉਂਦੀਆਂ, ਬਲਕਿ ਉਨ੍ਹਾਂ ਦਾ ਆਉਣਾ ਇੱਕ ਇਸ਼ਾਰਾ ਹੁੰਦਾ ਹੈ ਕਿ ਸਾਨੂੰ ਆਪਣੇ ਜੀਵਨ 'ਚ ਕੁੱਝ ਬਦਲਣਾ ਹੈ।

### ਲੜਾਈ-ਝਗੜੇ ਦੇ ਮਾਮਲੇ 'ਚ ਪੰਜ ਨੂੰ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਲੜਾਈ ਝਗੜੇ ਦੇ ਇੱਕ ਮਾਮਲੇ 'ਚ ਨਾਮਜ਼ਦ ਪਿੰਡ ਬਹੇੜ ਦੇ ਪੰਜ ਵਿਅਕਤੀਆਂ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਵਾਸੀ ਪਿੰਡ ਬਹੇੜ ਦੀ ਸ਼ਿਕਾਇਤ 'ਤੇ 5 ਮਾਰਚ 2019 ਨੂੰ ਥਾਣਾ ਬਸੀ ਪਠਾਣਾਂ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਚੀਮਾ ਖਾਨ, ਸੁਨੀਲ ਖਾਨ ਉਰਫ ਸੀਲੂ, ਸਲਮਾਨ ਖਾਨ ਉਰਫ ਸਿੱਪੀ, ਆਮਿਰ ਖਾਨ ਤੇ ਸੰਜੈ ਖਾਨ ਵਾਸੀਆਨ ਪਿੰਡ ਬਹੇੜ ਨੂੰ ਨਾਮਜ਼ਦ ਕੀਤਾ ਗਿਆ ਸੀ। ਮਾਮਲੇ ਦੀ ਸੁਣਵਾਈ ਪੂਰੀ ਹੋਣ 'ਤੇ ਸੀ.ਜੇ.ਐੱਮ. ਦੀ ਅਦਾਲਤ ਨੇ ਉਕਤ ਮੁਲਜ਼ਮਾਂ ਨੂੰ ਮਾਮਲੇ 'ਚ ਦੋਸ਼ੀ ਮੰਨਦਿਆਂ 2-2 ਸਾਲ ਕੈਦ ਬਾਮੁਸ਼ੱਕਤ ਤੇ ਤਿੰਨ-ਤਿੰਨ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

### ਜੇ ਐੱਮ ਐੱਸ ਨੇ ਆਸਟ੍ਰੇਲੀਆ ਦਾ ਵਰਕ ਵੀਜ਼ਾ ਲਗਵਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮਸ਼ਹੂਰ ਤੇ ਮੰਨੀ-ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇੰਮੀਗ੍ਰੇਸ਼ਨ ਨੇ ਅਨੇਕਾਂ ਹੀ ਰਿਫਿਊਜ਼ ਹੋਏ ਕੇਸਾਂ ਨੂੰ ਹੱਲ ਕਰਕੇ ਲੋਕਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਪੂਰਾ ਕੀਤਾ ਹੈ। ਇਸ ਵਾਰ ਸੰਸਥਾ ਨੇ ਹਰਦੀਪ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਮੰਡ ਵਾਲਾ (ਫਰੀਦਕੋਟ) ਦਾ 2 ਵਾਰ ਵੀਜ਼ਾ ਰਿਫਿਊਜ਼ ਹੋਣ ਦੇ ਬਾਵਜੂਦ ਜੇ.ਐੱਮ.ਐੱਸ. ਨੇ ਸਿਰਫ 20 ਦਿਨਾਂ 'ਚ ਆਸਟ੍ਰੇਲੀਆ ਦਾ ਸਪਾਊਸ ਓਪਨ ਵਰਕ ਪਰਮਿੱਟ ਵੀਜ਼ਾ ਲਗਾ ਕੇ ਉਨ੍ਹਾਂ ਦਾ ਵਿਦੇਸ਼ ਜਾਣ ਦਾ ਸੁਪਨਾ ਪੂਰਾ ਕੀਤਾ ਹੈ। ਸੰਸਥਾ ਵੱਲੋਂ ਸਪਾਊਸ ਓਪਨ ਵਰਕ ਪਰਮਿੱਟ, ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ ਵਿੱਚ ਲਗਾਏ ਜਾਂਦੇ ਹਨ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਜਾਣਕਾਰੀ ਸਾਂਝੀ ਕੀਤੀ ਕਿ ਜੇਕਰ ਕਿਸੇ ਦਾ ਵੀਜ਼ਾ ਵਾਰ-ਵਾਰ ਰਿਫਿਊਜ਼ ਹੋ ਰਿਹਾ ਹੈ ਤਾਂ ਘਬਰਾਉਣ ਦੀ ਲੋੜ ਨਹੀਂ, ਅਜਿਹੇ ਵੀਜ਼ਾ ਚਾਹਵਾਨ ਇੱਕ ਵਾਰ ਸਲਾਹ ਲੈਣ ਲਈ ਆਪਣੇ ਦਸਤਾਵੇਜ਼ ਸਮੇਤ ਸੰਸਥਾ ਵਿਖੇ ਮਿਲਣ। ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਹਰਦੀਪ ਸਿੰਘ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ।

### ਰੁੱਖ ਲਗਾਉਣੇ ਤੇ ਉਨ੍ਹਾਂ ਦੀ ਸੰਭਾਲ ਬੇਹੱਦ ਜ਼ਰੂਰੀ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਕਈ ਦਹਾਕਿਆਂ ਤੋਂ ਮਾਨਸੂਨ ਦੇ ਮੌਸਮ ਤੇ ਵਣ ਮਹਾਂਉਤਸਵ ਮੌਕੇ ਪੰਜਾਬ ਅੰਦਰ ਸਰਕਾਰੀ ਤੇ ਗੈਰ-ਸਰਕਾਰੀ ਪੱਧਰ 'ਤੇ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਗਾਏ ਜਾਂਦੇ ਹਨ। ਵਾਤਾਵਰਣ ਪ੍ਰੇਮੀ ਤੇ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾਵਾਂ ਇਸ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਇਸ ਤਰ੍ਹਾਂ ਨਾਲ ਹੁਣ ਤੱਕ ਕਈ ਕਰੋੜਾਂ ਦੀ ਗਿਣਤੀ ਵਿਚ ਰੁੱਖ ਲਗਾਏ ਜਾ ਚੁੱਕੇ ਹਨ, ਜੇ ਇਨ੍ਹਾਂ ਦੀ ਸਹੀ ਸੇਵਾ ਸੰਭਾਲ ਕੀਤੀ ਜਾਂਦੀ ਤਾਂ ਅੱਜ ਸਾਰਾ ਪੰਜਾਬ ਹਰਿਆ ਭਰਿਆ ਹੋਣਾ ਸੀ, ਪ੍ਰੰਤੂ ਅਜਿਹਾ ਕਿਤੇ ਨਹੀਂ ਦਿਸਦਾ। ਇਸ ਦਾ ਮੁੱਖ ਕਾਰਨ ਰੁੱਖਾਂ ਦੀ ਸਹੀ ਤਰੀਕੇ ਨਾਲ ਸੇਵਾ ਸੰਭਾਲ ਨਾ ਕੀਤੇ ਜਾਣਾ ਹੈ। ਅਖਬਾਰੀ ਸੁਰਖੀਆਂ ਬਟੋਰਨ ਤੇ ਪ੍ਰਸ਼ਾਸਨ ਦੀਆਂ ਨਜ਼ਰਾਂ ਵਿੱਚ ਨੰਬਰ ਬਨਣਾਉਣ ਦੇ ਮੰਤਵ ਨਾਲ ਹਰ ਸਾਲ ਰੁੱਖ ਤਾਂ ਲਗਾ ਦਿੱਤੇ ਜਾਂਦੇ ਹਨ, ਪ੍ਰੰਤੂ ਉਨ੍ਹਾਂ ਦੀ ਸਹੀ ਤਰੀਕੇ ਨਾਲ ਦੇਖ ਭਾਲ ਨਹੀਂ ਕੀਤੀ ਜਾਂਦੀ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਵੱਖ-ਵੱਖ ਸੰਸਥਾਵਾਂ ਤੇ ਹੋਰ ਪ੍ਰਸ਼ਾਸਨਿਕ ਅਮਲੇ ਵੱਲੋਂ ਲਗਾਏ ਜਾਣ ਵਾਲੇ ਰੁੱਖਾਂ ਦੀ ਸਹੀ ਸੇਵਾ ਸੰਭਾਲ ਨਾ ਕੀਤੇ ਜਾਣ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਨਵੇਂ ਲਗਾਏ ਗਏ ਰੁੱਖਾਂ ਦੀ ਸਹੀ ਢੰਗ ਨਾਲ ਸੇਵਾ ਸੰਭਾਲ ਤੇ ਦੇਖ ਭਾਲ ਕਰੀਏ ਤਾਂ ਜੋ ਇਹ ਰੁੱਖ ਵਾਤਾਵਰਣ ਦੀ ਸ਼ੁਧਤਾ ਵਧਾਉਣ ਤੇ ਪ੍ਰਦੂਸ਼ਣ ਨੂੰ ਰੋਕਣ ਵਿੱਚ ਸਹਾਈ ਹੋ ਸਕਣ।

# ਜਗਤਪੁਰਾ ਦੇ ਸਮਾਜ ਸੇਵੀਆਂ ਨੇ ਹੜ੍ਹ ਪੀੜਤਾਂ ਲਈ ਰਾਸ਼ਨ ਦਾ ਟਰੱਕ ਭੇਜਿਆ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਮੁਹਾਲੀ ਦੇ ਨੇੜਲੇ ਪਿੰਡ ਜਗਤਪੁਰਾ ਤੋਂ ਸਮਾਜ ਸੇਵੀ ਕਰਮਜੀਤ ਸਿੰਘ, ਪਰਮਜੀਤ ਸਿੰਘ ਤੇ ਜਗਤਾਰ ਸਿੰਘ ਵੱਲੋਂ ਹਲਕਾ ਸਮਾਣਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਦੇਖਣ ਉਪਰੰਤ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਤਹਿਸੀਲਦਾਰ ਲਾਰਸਨ ਸਿੰਗਲਾ ਸਮਾਣਾ ਨਾਲ ਸੰਪਰਕ ਕੀਤਾ ਗਿਆ ਤੇ ਰਾਸ਼ਨ ਦਾ ਭਰਿਆ ਟਰੱਕ ਸਮਾਣਾ ਦੇ ਹੜ੍ਹ ਪੀੜਤਾਂ ਲਈ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਹਿਸੀਲਦਾਰ ਲਾਰਸਨ ਸਿੰਗਲਾ ਤੇ ਸਮਾਣਾ ਵਪਾਰ ਮੰਡਲ ਧਰਮਸ਼ਾਲਾ ਦੇ ਪ੍ਰਧਾਨ ਮਦਨ ਮਿੱਤਲ ਨੇ ਦੱਸਿਆ ਕਿ ਜਗਤਪੁਰਾ ਦੇ ਇਨ੍ਹਾਂ ਸੱਜਣਾਂ ਵੱਲੋਂ ਇਸ ਤੋਂ ਪਹਿਲਾਂ ਵੀ ਹੜ੍ਹਾਂ ਦੇ ਪਾਣੀ ਦੀ ਲਪੇਟ ਵਿੱਚ ਆਏ ਕਈ ਇਲਾਕਿਆਂ ਵਿੱਚ ਲੋਕਾਂ ਨੂੰ ਰਾਸ਼ਨ ਭਿਜਵਾਇਆ ਜਾ ਚੁੱਕਾ ਹੈ ਅਤੇ ਸੋਸ਼ਲ ਮੀਡੀਆ 'ਤੇ ਇਨ੍ਹਾਂ ਨੂੰ ਸਮਾਣੇ ਬਾਰੇ ਪਤਾ ਲੱਗਾ ਤਾਂ ਸਾਡੇ ਨਾਲ ਸੰਪਰਕ ਕਰਕੇ ਅੱਜ ਸਮਾਣਾ ਵਿਖੇ ਰਾਸ਼ਨ ਦਾ ਭਰਿਆ ਟਰੱਕ ਲੈ ਕੇ ਪਹੁੰਚੇ ਹਨ, ਜਿਸ 'ਚ ਸੁੱਕਾ ਦੁੱਧ, ਆਟਾ, ਦਾਲਾਂ, ਚਾਵਲ ਤੇ ਘਰ 'ਚ ਰੋਜ਼ਾਨਾ ਵਰਤੋਂ ਦਾ ਸਾਮਾਨ ਆਦਿ ਹੈ। ਇਸ ਮੌਕੇ ਤਹਿਸੀਲਦਾਰ ਸਿੰਗਲਾ ਤੇ ਮਦਨ ਮਿੱਤਲ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਕੈਬਨਿਟ ਮੰਤਰੀ ਜੌੜਾਮਾਜਰਾ ਤਰਫੋਂ ਜਗਤਪੁਰਾ ਦੇ ਇਨ੍ਹਾਂ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਮਨ ਗੁਪਤਾ, ਰਵੀ ਗਰਗ ਟੀਮਾ, ਨੀਰਜ ਬਾਂਸਲ, ਮਾਸਟਰ ਭੂਸ਼ਣ ਮਿੱਤਲ, ਰਵੀ ਟੀਮ, ਸੁਮਿਤ ਗਰਗ, ਕ੍ਰਿਸ਼ਨ ਗੋਇਲ, ਅੰਕੁਸ਼ ਗੋਇਲ, ਕਾਕਾ ਤੇ ਨਰਿੰਦਰ ਸਿੰਗਲਾ ਆਦਿ ਮੌਜੂਦ ਸਨ।

# ਮ੍ਰਿਤਕ ਨੌਜਵਾਨ ਜਗਦੀਸ਼ ਦੇ ਪਰਵਾਰ ਨੂੰ ਸਰਕਾਰ ਵੱਲੋਂ 4 ਲੱਖ ਦੀ ਵਿੱਤੀ ਮਦਦ

**ਬੀਤੇ ਦਿਨੀਂ ਪੁਲੀ ਤੋਂ ਪੈਰ ਫਿਸਲਣ 'ਤੇ ਪਾਣੀ 'ਚ ਡੁੱਬਣ ਕਾਰਨ ਹੋਈ ਸੀ ਨੌਜਵਾਨ ਦੀ ਮੌਤ**



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਹਲਕੇ ਦੇ ਪਿੰਡ ਨੌ ਬਹਿਰਾਮ ਸ਼ੇਰ ਸਿੰਘ ਵਾਲਾ ਦੇ ਨੌਜਵਾਨ ਜਗਦੀਸ਼ ਸਿੰਘ ਪੁੱਤਰ ਵੀਰ ਸਿੰਘ ਦੀ ਬੀਤੇ ਦਿਨ ਤੇਜ਼ ਬਹਾਅ ਵਾਲੇ ਪਾਣੀ ਦੀ ਪੁਲੀ ਤੋਂ ਗੁਜ਼ਰਦਿਆਂ ਪੈਰ ਫਿਸਲਣ 'ਤੇ ਪਾਣੀ ਵਿੱਚ ਡੁੱਬਣ ਕਰਕੇ ਮੌਤ ਹੋ ਗਈ ਸੀ। ਉਸ ਦੀ ਲਾਸ਼ ਮਿਲਣ ਉਪਰੰਤ ਵਿਧਾਇਕ ਗੁਰੂ ਹਰਸਹਾਏ ਸ੍ਰ. ਫੌਜਾ ਸਿੰਘ ਸਰਾਰੀ, ਐੱਸ ਡੀ ਐੱਮ ਸੂਰਜ ਕੁਮਾਰ ਦੀ ਹਾਜ਼ਰੀ ਵਿੱਚ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਸ ਦਾ ਸਸਕਾਰ ਕੀਤਾ ਗਿਆ। ਇਸ ਸਬੰਧੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਭਾਣਾ ਵਰਤਿਆ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤੁਰੰਤ ਐਕਸ਼ਨ ਲੈਂਦਿਆਂ ਮ੍ਰਿਤਕ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ 4 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਹਲਕੇ ਦੇ ਵਿਧਾਇਕ ਫੌਜਾ ਸਿੰਘ ਸਰਾਰੀ ਤੇ ਐੱਸ ਡੀ ਐੱਮ ਸੂਰਜ ਕੁਮਾਰ ਵੱਲੋਂ ਮ੍ਰਿਤਕ ਦੇ ਘਰ ਪਹੁੰਚ ਕੇ ਉਸ ਦੀ ਪਤਨੀ ਕ੍ਰਿਸ਼ਨਾ ਰਾਣੀ ਤੇ ਪਿਤਾ ਵੀਰ ਸਿੰਘ ਅਤੇ ਮਾਤਾ ਜੀਤੋ ਬਾਈ ਸਮੇਤ ਪਰਿਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ।

ਇਸ ਮੌਕੇ ਵਿਧਾਇਕ ਸਰਾਰੀ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਘਟਨਾ ਵਾਪਰੀ ਹੈ ਕਿ ਪਰਿਵਾਰ ਦਾ ਇੱਕੋ ਇੱਕ ਕਮਾਉਣ ਵਾਲਾ ਮੁਖੀ, ਜਿਸ ਦੀ ਬੀਤੇ ਕੱਲ੍ਹ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਸਮੇਂ ਲੋਕਾਂ ਦੇ ਨਾਲ ਹਰ ਦੁੱਖ ਵਿੱਚ ਖੜੀ ਹੈ। ਇਸ ਦੁੱਖਦਾਈ ਘਟਨਾ ਦੇ ਵਾਪਰਨ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪਰਿਵਾਰ ਨੂੰ 4 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਰਾਹਤ ਫੰਡ ਵਿੱਚੋਂ ਦਿੱਤਾ ਗਿਆ ਹੈ। ਉਨ੍ਹਾਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਕਿਹਾ ਕਿ ਉਹ ਪਰਿਵਾਰ ਨਾਲ ਹਮੇਸ਼ਾ ਖੜੇ ਰਹਿਣਗੇ।

# ਕੋਟੈਕਸ ਫੈਕਟਰੀ ਵੱਲੋਂ ਮੁੱਢਲੇ ਸਿਹਤ ਕੇਂਦਰ ਨੂੰ ਬੈੱਡ ਸ਼ੀਟਾਂ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕੁਹਾੜਾ ਰੋਡ 'ਤੇ ਸਥਿਤ ਐੱਸ. ਟੀ. ਕੋਟੈਕਸ ਫੈਕਟਰੀ ਵੱਲੋਂ ਮੁੱਢਲੇ ਸਿਹਤ ਕੇਂਦਰ ਮਾਛੀਵਾੜਾ ਵਿਖੇ ਬੈੱਡ ਸ਼ੀਟਾਂ ਦਿੱਤੀਆਂ ਗਈਆਂ। ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਇਸ ਉਦਯੋਗਿਕ ਇਕਾਈ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਵਡਮੁੱਲੇ ਯੋਗਦਾਨ ਸਿਹਤ ਸੇਵਾਵਾਂ ਨੂੰ ਹੋਰ ਬਿਹਤਰ ਬਣਾ ਸਕਦੇ ਹਨ। ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਭਵਿੱਖ ਵਿੱਚ ਵੀ ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ, ਵਪਾਰਕ ਤੇ ਉਦਯੋਗਿਕ ਇਕਾਈਆਂ ਤੋਂ ਇਸੇ ਤਰ੍ਹਾਂ ਦੇ ਸਹਿਯੋਗ ਦੀ ਕਾਮਨਾ ਕੀਤੀ। ਇਸ ਮੌਕੇ ਐੱਸ. ਟੀ. ਕੋਟੈਕਸ ਦੇ ਐਗਜ਼ੀਕਿਊਟਿਵ ਡਾਇਰੈਕਟਰ ਅਦਿੱਤਿਆ ਸਚਿਨ, ਚੀਫ਼ ਮੈਨੇਜਰ ਦਲੀਪ ਬਾਹਰਾ, ਸਰਜਰੀ ਦੇ ਮਾਹਰ ਡਾ. ਬਲਬੀਰ ਸਿੰਘ, ਰਿਟਾਇਰਡ ਕਾਰਜ ਸਾਧਕ ਅਫ਼ਸਰ ਸੁਖਸਾਗਰ ਸਿੰਘ ਤੋਂ ਇਲਾਵਾ ਡਾ. ਸਵਰਨਦੀਪ ਸਿੰਘ, ਡਾ. ਅਰਸ਼ਦੀਪ ਸਿੰਘ (ਦੋਵੇਂ ਮੈਡੀਕਲ ਅਫ਼ਸਰ), ਸਟਾਫ਼ ਨਰਸ ਸੁਰਿੰਦਰ ਕੌਰ, ਫਾਰਮੇਸੀ ਅਫ਼ਸਰ ਵਿਕਰਮਜੀਤ ਸਿੰਘ, ਵਾਰਡ ਅਟੈਂਡਟ ਗੁਰਮੀਤ ਸਿੰਘ ਤੇ ਜਸਵੰਤ ਸਿੰਘ ਹਾਜ਼ਰ ਸਨ।

# ਧਰਨੇ ਦੌਰਾਨ ਬਲਕਾਰ ਸਿੰਘ ਡਕੌਂਦਾ ਦੀ ਬਰਸੀ ਮਨਾਈ



**ਧੂਰੀ (ਸੁਖਦੇਵ ਧੂਰੀ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਪਿੰਡ ਜਹਾਂਗੀਰ ਦੇ ਸਾਬਕਾ ਸਰਪੰਚ ਗੁਰਚਰਨ ਸਿੰਘ ਨੂੰ ਇਨਸਾਫ ਦਿਵਾਉਣ ਲਈ ਚੱਲ ਰਹੇ ਧਰਨੇ ਦੌਰਾਨ ਜਥੇਬੰਦੀ ਦੇ ਸਰਪ੍ਰਸਤ ਬਲਕਾਰ ਸਿੰਘ ਡਕੌਂਦਾ ਦੀ ਬਰਸੀ ਮਨਾਈ ਗਈ, ਜਿਸ ਵਿੱਚ ਜ਼ਿਲ੍ਹਾ ਤੇ ਸੂਬਾਈ ਆਗੂਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਨੇ ਕਿਹਾ ਕਿ ਦੂਜੀ ਧਿਰ ਪਿੰਡ ਜਹਾਂਗੀਰ ਦੇ ਕਿਸਾਨ ਗੁਰਚਰਨ ਸਿੰਘ ਸਾਬਕਾ ਸਰਪੰਚ ਨਾਲ ਧੱਕਾ ਕਰ ਰਹੀ ਹੈ। ਕਿਸਾਨ ਲੰਮੇ ਸਮੇਂ ਤੋਂ ਜ਼ਮੀਨ 'ਤੇ ਕਾਬਜ਼ ਹੈ। ਪਿਛਲੇ ਦਿਨੀਂ ਦੂਸਰੀ ਜਥੇਬੰਦੀ ਨੇ ਧੱਕਾ ਕਰਕੇ ਜ਼ਮੀਨ ਵਾਹ ਦਿੱਤੀ ਹੈ ਤੇ ਹੁਣ ਇਸ ਜ਼ਮੀਨ 'ਤੇ ਝੋਨੇ ਦੀ ਫਸਲ ਬੀਜਣ ਦੀਆਂ ਖ਼ਬਰਾਂ ਆ ਰਹੀਆਂ ਹਨ, ਜੋ ਬਹੁਤ ਨਿੰਦਣਯੋਗ ਹੈ। ਕਿਸਾਨ ਆਗੂ ਗੁਰਮੀਤ ਸਿੰਘ ਭੱਟੀਵਾਲ ਨੇ ਕਿਹਾ ਕਿ ਸਾਡੀ ਜਥੇਬੰਦੀ ਕਿਸਾਨ ਗੁਰਚਰਨ ਸਿੰਘ ਨੂੰ ਇਨਸਾਫ ਦਿਵਾ ਕੇ ਰਹੇਗੀ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਧੂਰੀ ਪ੍ਰਸ਼ਾਸਨ 'ਤੇ ਵਰ੍ਹਦਿਆਂ ਕਿਹਾ ਕਿ ਪ੍ਰਸ਼ਾਸਨ ਦੀ ਢਿੱਲ ਮੱਠ ਦੀ ਨੀਤੀ ਕਾਰਨ ਜਥੇਬੰਦੀ ਨੂੰ ਮਜਬੂਰਨ ਧਰਨਾ ਲਾਉਣਾ ਪੈ ਰਿਹਾ ਹੈ। ਇਸ ਮੌਕੇ ਗੁਰਮੀਤ ਸਿੰਘ ਭੱਟੀਵਾਲ ਤੋਂ ਇਲਾਵਾ ਰਾਮ ਸਿੰਘ ਮਟਰੋੜ ਸੂਬਾ ਖਜ਼ਾਨਚੀ, ਕਰਮ ਸਿੰਘ ਬਲਿਆਲ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਲਖਵੀਰ ਸਿੰਘ ਲੱਖਾ ਜ਼ਿਲ੍ਹਾ ਪ੍ਰਧਾਨ, ਕੁਲਦੀਪ ਸਿੰਘ ਜੋਸੀ, ਬੁੱਧ ਸਿੰਘ, ਸੰਤ ਰਾਮ ਛਾਜਲੀ, ਮਹਿੰਦਰ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

# ਡਾ. ਕਾਂਸਲ ਦਾ ਲੌਂਗੋਵਾਲ ਪੁੱਜਣ 'ਤੇ ਨਿੱਘਾ ਸਵਾਗਤ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**

ਭਾਜਪਾ ਦੇ ਸੀਨੀਅਰ ਆਗੂ ਰਤਨ ਕੁਮਾਰ ਮੰਗੂ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਇਸ ਇਲਾਕੇ ਦੇ ਖੇਤਰਾਂ ਵਿੱਚ ਆਪਣਾ ਸੰਪਰਕ ਤੇ ਮੁਹਿੰਮ ਦੌਰਾਨ ਪਿੰਡ ਲੌਂਗੋਵਾਲ ਵਿਖੇ ਪਹੁੰਚਣ 'ਤੇ ਡਾ. ਅਮਿਤ ਕਾਂਸਲ ਡਾਇਰੈਕਟਰ ਨੈਸ਼ਨਲ ਹਾਈਡਰੋ ਪਾਵਰ ਲਿਮਟਡ ਪਾਵਰ ਮੰਤਰਾਲਾ ਭਾਰਤ ਸਰਕਾਰ ਦਾ ਭਾਜਪਾ ਮੰਡਲ ਲੌਂਗੋਵਾਲ ਵੱਲੋਂ ਭਰਵਾਂ ਸਵਾਗਤ ਅਤੇ ਸਨਮਾਨ ਕੀਤਾ ਗਿਆ। ਡਾ. ਕਾਂਸਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਨੌਜਵਾਨ ਆਤਮ ਵਿਸ਼ਵਾਸ ਵਧਾਉਣ ਤੇ ਰੁਜ਼ਗਾਰ ਦੇ ਮੌਕੇ ਦਿੱਤੇ ਜਾ ਰਹੇ ਹਨ।

ਇਸ ਮੌਕੇ ਸੀਨੀਅਰ ਆਗੂ ਰਤਨ ਕੁਮਾਰ ਮੰਗੂ ਨੇ ਕਿਹਾ ਕਿ ਡਾ. ਕਾਂਸਲ ਆਪਣੇ ਹਲਕੇ ਦੇ ਲੋਕਾਂ ਦੀ ਸਿੱਖਿਆ ਮੈਡੀਕਲ ਸਹੂਲਤਾਂ ਖੇਡ ਸਮਾਜ ਸੇਵੀ ਕਾਰਜਾਂ ਰੁਜ਼ਗਾਰ ਕੈਰੀਅਰ ਦੀ ਚੋਣ ਸਬੰਧੀ ਸੈਮੀਨਾਰ ਆਦਿ ਰਾਹੀਂ ਬਹੁਤ ਸੇਵਾ ਕਰ ਰਹੇ ਹਨ। ਇਨ੍ਹਾਂ ਨੂੰ ਲੋਕ ਸਭਾ ਹਲਕਾ ਸੰਗਰੂਰ ਵੱਲੋਂ ਬਹੁਤ ਭਾਰੀ ਸਮਰਥਨ ਮਿਲ ਰਿਹਾ ਹੈ। ਇਸ ਮੌਕੇ ਕੁਲਦੀਪ ਕੁਮਾਰ ਮੰਗਲਾ, ਬਬਲੂ ਸਿੰਗਲਾ, ਕੇਵਲ ਸ਼ਰਮਾ, ਪਵਨ ਕੁਮਾਰ, ਰਾਜ ਕੁਮਾਰ ਸੋਨੂੰ ਤੇ ਮੋਨੂੰ ਆਦਿ ਹਾਜ਼ਰ ਸਨ।

# ਕਾਂਗਰਸ ਦੇ ਯੂਥ ਜ਼ਿਲ੍ਹਾ ਪ੍ਰਧਾਨ ਨੂੰ ਬਾਘਾ ਪੁਰਾਣਾ ਪੁੱਜਣ 'ਤੇ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਕਾਂਗਰਸ ਪਾਰਟੀ ਜ਼ਿਲ੍ਹਾ ਯੂਥ ਪ੍ਰਧਾਨ ਸੋਹਣ ਸਿੰਘ ਖੇਲਾ ਬਾਘਾ ਪੁਰਾਣਾ ਵਿਖੇ ਪੁੱਜੇ। ਇਸ ਮੌਕੇ ਜਗਸੀਰ ਸਿੰਘ ਕਾਲੇਕੇ ਤੇ ਜਗਸੀਰ ਗਰਗ ਨੇ ਕਿਹਾ ਕਿ ਉਨ੍ਹਾਂ ਨੂੰ ਜਿੱਥੇ ਬਾਘਾ ਪੁਰਾਣਾ ਵਿਖੇ ਪੁੱਜਣ 'ਤੇ ਵਧਾਈ ਦਿੱਤੀ, ਉਥੇ ਹੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਮੂੰਹ ਮਿੱਠਾ ਵੀ ਕਰਵਾਇਆ। ਇਸ ਮੌਕੇ ਜਗਸੀਰ ਸਿੰਘ ਕਾਲੇਕੇ ਤੇ ਜਗਸੀਰ ਗਰਗ ਨੇ ਕਿਹਾ ਕਿ ਜ਼ਿਲ੍ਹੇ ਭਰ ਦੇ ਨੌਜਵਾਨਾਂ ਨੇ ਚੰਗੀ ਯੂਥ ਟੀਮ ਚੁਣ ਕੇ ਨੌਜਵਾਨਾਂ ਨੂੰ ਸਿਆਸਤ ਦੀਆਂ ਪੌੜੀਆਂ ਚੜ੍ਹਾਇਆ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆਂ ਕਾਂਗਰਸ ਦੇ ਆਗੂ ਸ੍ਰੀ ਰਾਹੁਲ ਗਾਂਧੀ ਦੀ ਸੋਚ ਅਨੁਸਾਰ ਆਮ ਘਰਾਂ ਦੇ ਮਿਹਨਤੀ ਆਗੂ ਯੂਥ ਕਾਂਗਰਸ ਜ਼ਰੀਏ ਸਮਾਜ ਦੀ ਸੇਵਾ ਲਈ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਦੀਆਂ ਚੋਣਾਂ ਦੌਰਾਨ ਦੂਜੇ ਤੇ ਤੀਜੇ ਸਥਾਨ 'ਤੇ ਰਹੇ ਨੌਜਵਾਨਾਂ ਨੂੰ ਵੀ ਪਾਰਟੀ ਲਈ ਮਿਹਨਤ ਕਰਨੀ ਚਾਹੀਦੀ ਹੈ, ਕਿਉਂਕਿ ਹੁਣ ਚੋਣਾਂ ਮਗਰੋਂ ਸਾਰੀ ਟੀਮ ਨੂੰ ਇਕਜੁੱਟਤਾ ਨਾਲ ਪਾਰਟੀ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਜ਼ਿਲ੍ਹਾ ਯੂਥ ਪ੍ਰਧਾਨ ਸੋਹਨ ਸਿੰਘ ਖੇਲਾ ਨੇ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬਦੌਲਤ ਹੀ ਹਲਕੇ ਦੇ ਨੌਜਵਾਨਾਂ ਨੇ ਵੱਡੀ ਗਿਣਤੀ 'ਚ ਮੈਨੂੰ ਵੋਟਾਂ ਪਾ ਕੇ ਕਾਮਯਾਬ ਕੀਤਾ ਹੈ। ਉਨ੍ਹਾ ਕਿਹਾ ਕਿ ਯੂਥ ਵਿੰਗ ਦੀ ਟੀਮ ਅਗਾਮੀ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਲਈ ਹੁਣੇ ਤੋਂ ਹੀ ਸਰਗਰਮੀਆਂ ਤੇਜ਼ ਕਰੇਗੀ। ਉਨ੍ਹਾ ਕਿਹਾ ਕਿ ਪੰਜਾਬ ਯੂਥ ਪ੍ਰਧਾਨ ਮੋਹਿਤ ਮਹਿੰਦਰਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਹੀ ਜ਼ਿਲ੍ਹਾ ਟੀਮ ਪਾਰਟੀ ਲਈ ਕੰਮ ਕਰੇਗੀ।

# ਹੜ੍ਹ ਪ੍ਰਭਾਵਿਤ ਏਰੀਏ 'ਚ 40 ਮੈਡੀਕਲ ਕੈਂਪ ਲਗਾਏ : ਡਾ. ਦਵਿੰਦਰਜੀਤ ਕੌਰ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਹੀ ਲੋੜੀਂਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤੇ 59 ਰੈਪਿਡ ਰੈਸਪਾਂਸ ਟੀਮਾਂ ਵੱਲੋਂ ਵੀ ਇਨ੍ਹਾਂ ਇਲਾਕਿਆਂ 'ਚ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ ਤੇ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਇਨ੍ਹਾਂ ਸੇਵਾਵਾਂ ਤੇ ਸਥਿਤੀ ਸੰਬੰਧੀ ਉਨ੍ਹਾਂ ਵੱਲੋਂ ਉੱਚ ਅਧਿਕਾਰੀਆਂ ਨੂੰ ਵੀ ਜਾਣੂ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਉਨ੍ਹਾ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਅੱਜ 40 ਵੱਖ-ਵੱਖ ਥਾਵਾਂ 'ਤੇ ਫਲੱਡ ਰਿਲੀਫ ਮੈਡੀਕਲ ਕੈਂਪ ਲਗਾਏ ਗਏ, ਜਿਸ 'ਚ 774 ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਉਨ੍ਹਾ ਦੱਸਿਆ ਕਿ ਇਨ੍ਹਾਂ ਮਰੀਜ਼ਾਂ 'ਚ ਚਮੜੀ ਦੀ ਬਿਮਾਰੀ ਨਾਲ ਸਬੰਧਤ 140, ਅੱਖਾਂ ਦੀ ਇਨਫੈਕਸ਼ਨ ਦੇ 40, ਹਾਈਪਰ ਟੈਂਸ਼ਨ ਦੇ 132, ਬੁਖਾਰ ਦੇ 28, ਗੈਸਟ੍ਰੋ ਦੇ 39 ਤੋਂ ਇਲਾਵਾ ਹੋਰ ਵੱਖ-ਵੱਖ ਤਕਲੀਫਾਂ ਤੋਂ ਪ੍ਰਭਾਵਿਤ ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਡਾ. ਦਵਿੰਦਰਜੀਤ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਾਣੀ ਤੇ ਫੂਡ ਦੀ ਸੈਂਪਲਿੰਗ ਵੀ ਕੀਤੀ ਜਾ ਰਹੀ ਹੈ।

ਉਨ੍ਹਾ ਕਿਹਾ ਕਿ ਜਿਹੜੇ ਇਲਾਕਿਆਂ 'ਚੋਂ ਪਾਣੀ ਦੀ ਨਿਕਾਸੀ ਹੋ ਚੁੱਕੀ ਹੈ, ਉਥੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬਿਮਾਰੀਆਂ ਤੋਂ ਬਚਾਅ ਲਈ ਖੜੇ ਪਾਣੀ 'ਤੇ ਲਾਰਵੀਸਾਈਡ ਦਵਾਈ ਦੀ ਸਪਰੇਅ ਕਰਵਾਈ ਜਾ ਰਹੀ ਹੈ। ਲੋੜਵੰਦ ਲੋਕਾਂ ਨੂੰ ਓ.ਆਰ.ਐੱਸ ਦੇ ਪੈਕਟਾਂ ਦੀ ਵੰਡ ਤੇ ਪਾਣੀ ਨੂੰ ਸ਼ੁੱਧ ਕਰਕੇ ਪੀਣ ਲਈ ਕਲੋਰੀਨ ਦੀਆਂ ਗੋਲੀਆਂ ਦੀ ਵੰਡ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਸਥਿਤੀ ਨਾਰਮਲ ਹੋਣ ਤੱਕ ਵਿਭਾਗ ਵੱਲੋਂ ਇਹ ਸਪੈਸ਼ਲ ਕੈਂਪ ਲਗਾਤਾਰ ਜਾਰੀ ਰੱਖੇ ਜਾਣਗੇ।

**ਸਿਵਲ ਸਰਜਨ ਨੇ ਡੀ ਸੀ ਨੂੰ ਕੈਂਪ ਸੰਬੰਧੀ ਕਰਾਇਆ ਜਾਣੂ**



# ਖਰਾਬ ਫ਼ਸਲਾਂ ਦਾ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ : ਘੋਲੀਆ

**ਹਠੂਰ (ਨਛੱਤਰ ਸੰਧੂ)**-ਸੂਬੇ ਵਿੱਚ ਆਏ ਹੜ੍ਹ ਤੋਂ ਪੀੜਤ ਲੋਕਾਂ ਦੀ ਸਹਾਇਤਾ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦਿਲ ਖੋਲ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੀੜਤ ਲੋਕਾਂ ਦੇ ਜ਼ਖਮਾਂ ਨੂੰ ਕੁਝ ਰਾਹਤ ਮਿਲ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਏਕਤਾ ਮਨੁੱਖੀ ਅਧਿਕਾਰ ਬਿਓਰੋ ਦੇ ਚੇਅਰਮੈਨ ਬਲਵਿੰਦਰ ਸਿੰਘ ਘੋਲੀਆ ਨੇ ਪਿੰਡ ਚਕਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਮੁੱਖ ਮੰਤਰੀ ਤੋਂ ਪੁੱਛ ਰਹੇ ਹਨ ਕਿ ਜਦੋਂ 4 ਜੁਲਾਈ ਨੂੰ ਮੌਸਮ ਵਿਭਾਗ ਵੱਲੋਂ ਅਲਰਟ ਜਾਰੀ ਕੀਤੇ ਗਏ ਤਾਂ ਉਨ੍ਹਾਂ ਨੇ ਹੜ੍ਹਾਂ ਦੀਆਂ ਤਿਆਰੀਆਂ ਦਾ ਤੁਰੰਤ ਜਾਇਜ਼ਾ ਕਿਉਂ ਨਹੀ ਲਿਆ। ਉਨ੍ਹਾ ਕਿਹਾ ਕਿ ਸੱਤਾਧਾਰੀ ਡਰਾਮੇ ਕਰ ਰਹੇ ਨੇ, ਜਦਕਿ ਸੂਬੇ ਵਿੱਚ ਲੋਕ ਆਪਣੇ ਘਰ ਗੁਆਉਣ ਤੇ ਬਚਾਅ ਲਈ ਲੜ ਰਹੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਰਹੱਦੀ ਖੇਤਰਾਂ ਦੇ ਕਿਸਾਨਾਂ, ਜਿਨ੍ਹਾਂ ਕੋਲ ਗਿਰਦਾਵਰੀ ਦੇ ਦਸਤਾਵੇਜ਼ ਨਹੀਂ ਹਨ, ਉਨ੍ਹਾਂ ਨੂੰ ਵੀ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਖਰਾਬ ਫ਼ਸਲਾਂ ਦੇ ਨੁਕਸਾਨ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਗਰੀਬ ਕਿਸਾਨਾਂ ਨੂੰ ਕੁਝ ਸਹਾਰਾ ਮਿਲ ਸਕੇ। ਸ੍ਰੀ ਘੋਲੀਆ ਨੇ ਕਿਹਾ ਕਿ ਹੜ੍ਹਾਂ ਦੇ ਪਾਣੀ ਨੇ ਦਿਲ ਦਹਿਲਾਉਣ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ ਅਤੇ ਸਰਕਾਰ ਇਸ ਮੌਕੇ ਅਪਾਹਜ ਜਿਹੀ ਹੋਈ ਨਜ਼ਰ ਆ ਰਹੀ ਹੈ, ਪਰ ਪੰਜਾਬ ਦੇ ਬਹੁਤੇ ਲੋਕ ਬੜੇ ਯੋਧੇ ਤੇ ਦਾਨੀ ਪੁਰਸ਼ ਹਨ, ਚਾਹੇ ਕਿਸੇ ਵੀ ਧਰਮ ਦਾ ਕੋਈ ਵੀ ਵਿਅਕਤੀ ਹੋਵੇ, ਹਰ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਇਸ ਲਈ ਕੇਂਦਰ ਤੇ ਸੂਬਾ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਲੋਕਾਂ ਨੂੰ ਫੌਰੀ ਤੌਰ 'ਤੇ ਰਾਹਤ ਦੇਵੇ। ਇਸ ਸਮੇਂ ਉਨ੍ਹਾਂ ਨਾਲ ਆਸ਼ਾ ਰਾਣੀ, ਗੀਨਾ ਰਾਣੀ, ਬਲਵੰਤ ਸਿੰਘ ਬਿੱਟੂ ਤੇ ਪਿਆਰਾ ਸਿੰਘ ਗਾਗੇਵਾਲ ਆਦਿ ਹਾਜ਼ਰ ਸਨ।



ਏਕਤਾ ਮਨੁੱਖੀ ਅਧਿਕਾਰ ਬਿਓਰੋ ਦੇ ਚੇਅਰਮੈਨ ਬਲਵਿੰਦਰ ਘੋਲੀਆ ਤੇ ਹੋਰ ਗੱਲਬਾਤ ਕਰਨ ਸਮੇਂ।

# 'ਵਾਹ ਜ਼ਿੰਦਗੀ' ਨਰਿੰਦਰ ਪਾਲ ਸਿੰਘ ਜਗਦਿਓ ਦੀ ਸੁਜਿੰਦ ਵਾਰਤਕ : ਪ੍ਰੋ. ਗਿੱਲ

**ਹਰੇਕ ਪਾਠਕ ਖੁਦ ਨੂੰ ਕਿਤਾਬ ਨਾਲ ਜੁੜਿਆ ਮਹਿਸੂਸ ਕਰੇਗਾ**



**ਲੁਧਿਆਣਾ/ਖੰਨਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)**- ਪੰਜਾਬ ਸਰਕਾਰ ਦੇ ਲੋਕ ਸੰਪਰਕ ਅਧਿਕਾਰੀ ਨਰਿੰਦਰ ਪਾਲ ਸਿੰਘ ਜਗਦਿਓ ਦੀ ਨਵ-ਪ੍ਰਕਾਸ਼ਿਤ ਪੁਸਤਕ 'ਵਾਹ ਜ਼ਿੰਦਗੀ!' ਬਾਰੇ ਪੰਜਾਬੀ ਦੇ ਨਾਮਵਰ ਸ਼ਾਇਰ ਤੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇਹ ਕਿਤਾਬ ਰੌਚਕਤਾ ਤੇ ਗਿਆਨ ਦਾ ਸੋਮਾ ਹੈ ਅਤੇ ਕਈ ਵੱਡੇ ਤੇ ਸੂਖਮ ਵਿਸ਼ੇ ਲੇਖਕ ਨੇ ਥੋੜ੍ਹੇ ਸ਼ਬਦਾਂ ਵਿੱਚ ਪਰੋ ਦਿੱਤੇ ਹਨ। ਇੱਥੇ ਨਿਊ ਬੈਂਕ ਕਾਲੋਨੀ ਵਿਖੇ ਕਿਤਾਬ ਦੀ ਘੁੰਡ ਚੁਕਾਈ ਮੌਕੇ ਉਨ੍ਹਾ ਕਿਹਾ ਕਿ ਲੇਖਕ ਨਾ ਤਾਂ ਗੱਲ ਅਧੂਰੀ ਛੱਡਦਾ ਹੈ ਤੇ ਨਾ ਹੀ ਸ਼ਬਦਾਂ ਦੀ ਫਜ਼ੂਲ ਖਰਚੀ ਕਰਦਾ ਹੈ ਤੇ ਸੀਮਤ ਸ਼ਬਦਾਂ 'ਚ ਹਰੇਕ ਗੱਲ ਬਹੁਤ ਸਵਾਦਲੇ ਤਰੀਕੇ ਨਾਲ ਪਾਠਕਾਂ ਸਾਹਮਣੇ ਰੱਖ ਦਿੰਦਾ ਹੈ। ਉਨ੍ਹਾ ਕਿਹਾ ਕਿ ਇਸ ਕਿਤਾਬ ਦੀ ਸਭ ਤੋਂ ਵੱਡੀ ਖ਼ੂਬੀ ਹੈ ਕਿ ਲੇਖਕ ਨੇ ਆਮ ਜ਼ਿੰਦਗੀ ਦੇ ਵਿਸ਼ੇ ਨਿੱਜੀ ਤਜਰਬਿਆਂ, ਕਹਾਣੀਆਂ, ਉਦਾਹਰਨਾਂ ਤੇ ਸਵਾਦਲੀਆਂ ਬਾਤਾਂ ਰਾਹੀਂ ਪਾਠਕਾਂ ਸਾਹਮਣੇ ਪੇਸ਼ ਕੀਤੇ ਹਨ। ਕਿਤਾਬ ਵਿੱਚ ਅਜਿਹੇ ਵਿਸ਼ੇ ਤੇ ਗੱਲਾਂ ਹਨ, ਜਿਸ ਨੂੰ ਪੜ੍ਹ ਕੇ ਹਰ ਉਮਰ ਵਰਗ ਦਾ ਪਾਠਕ ਖੁਦ ਨੂੰ ਕਿਤਾਬ ਨਾਲ ਜੁੜਿਆ ਮਹਿਸੂਸ ਕਰੇਗਾ। ਨਰਿੰਦਰ ਪਾਲ ਸਿੰਘ ਜਗਦਿਓ ਦੀ ਕਿਤਾਬ "ਵਾਹ ਜ਼ਿੰਦਗੀ!" ਵਿੱਚ 50 ਲੇਖ ਸ਼ਾਮਲ ਹਨ, ਜੋ ਜ਼ਿੰਦਗੀ ਦੇ ਵੱਖ-ਵੱਖ ਰੰਗਾਂ, ਸੰਘਰਸ਼ਾਂ, ਪ੍ਰਾਪਤੀਆਂ ਤੇ ਛੋਟੀਆਂ ਛੋਟੀਆਂ ਖੁਸ਼ੀਆਂ ਨੂੰ ਵਿਲੱਖਣ ਤੇ ਰੌਚਕ ਸ਼ੈਲੀ ਵਿੱਚ ਪੇਸ਼ ਕਰਦੇ ਹਨ।

ਲੇਖਕ ਦਾ ਕਹਿਣਾ ਹੈ ਕਿ ਕਈ ਵਾਰ ਜ਼ਿੰਦਗੀ ਦੀਆਂ ਮੁਸ਼ਕਲਾਂ ਰਾਹਾਂ ਨੂੰ ਪਾਰ ਕਰਨ ਲਈ ਸਾਨੂੰ ਛੋਟੇ ਜਿਹੇ ਸਹਾਰੇ, ਹੌਸਲੇ ਜਾਂ ਫਿਰ ਹਿੰਮਤ ਭਰੇ ਦੋ ਸ਼ਬਦਾਂ ਦੀ ਲੋੜ ਹੁੰਦੀ ਹੈ ਅਤੇ ਪਾਠਕਾਂ ਨੂੰ ਇਹ ਸਾਰਾ ਕੁਝ 'ਵਾਹ ਜ਼ਿੰਦਗੀ!' ਦੇ ਪੰਨਿਆਂ 'ਚੋਂ ਮਿਲ ਜਾਵੇਗਾ। ਕਿਤਾਬ ਪਾਠਕਾਂ ਨੂੰ ਸਾਕਾਰਾਤਮਕ ਊਰਜਾ ਨਾਲ ਭਰਨ ਦੀ ਸਮਰੱਥਾ ਰੱਖਦੀ ਹੈ।

ਕਾਬਿਲੇਗੌਰ ਹੈ ਕਿ ਖੰਨਾ ਨਿਵਾਸੀ ਨਰਿੰਦਰ ਪਾਲ ਸਿੰਘ ਜਗਦਿਓ ਪੰਜਾਬ ਸਰਕਾਰ ਵਿੱਚ ਸੂਚਨਾ ਤੇ ਲੋਕ ਸੰਪਰਕ ਅਧਿਕਾਰੀ ਦੇ ਤੌਰ ਉੱਤੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਤਾਇਨਾਤ ਹਨ। ਪੰਜਾਬੀ ਅਖ਼ਬਾਰਾਂ ਵਿੱਚ ਮਿਡਲ ਲੇਖਕ ਵਜੋਂ ਉਨ੍ਹਾਂ ਦੀ ਪਹਿਲਾਂ ਹੀ ਚੰਗੀ ਪਛਾਣ ਹੈ। ਇਸ ਕਿਤਾਬ ਨੂੰ ਮੋਹਾਲੀ ਦੇ ਯੂਨੀਸਟਾਰ ਬੁਕਸ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ ਤੇ ਅਮਰੀਕਾ-ਕੈਨੇਡਾ ਵਿੱਚ ਇਹ ਕਿਤਾਬ ਐਮਾਜ਼ੋਨ ਉੱਤੇ ਵੀ ਮਿਲਦੀ ਹੈ। ਜਲਦ ਹੀ ਆਸਟ੍ਰੇਲੀਆ 'ਚ ਵੀ ਇਹ ਕਿਤਾਬ ਉਪਲੱਬਧ ਹੋਵੇਗੀ।

ਇਸ ਮੌਕੇ ਪ੍ਰੋ. ਗੁਰਭਜਨ ਸਿੰਘ ਗਿੱਲ ਤੋਂ ਇਲਾਵਾ ਲੇਖਕ ਦੇ ਮਾਤਾ-ਪਿਤਾ ਅਮਰਜੀਤ ਕੌਰ ਤੇ ਬਲਵੀਰ ਸਿੰਘ, ਪੰਜਾਬ ਜੈਨਕੋ ਦੇ ਚੇਅਰਮੈਨ ਨਵਜੋਤ ਸਿੰਘ ਮੰਡੇਰ, ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਲੁਧਿਆਣਾ ਪੁਨੀਤ ਪਾਲ ਸਿੰਘ ਗਿੱਲ, ਮੁੱਖ ਮੰਤਰੀ ਪੰਜਾਬ ਦੇ ਲੋਕ ਸੰਪਰਕ ਅਧਿਕਾਰੀ ਇਕਬਾਲ ਸਿੰਘ ਬਰਾੜ, ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਮੋਗਾ ਪ੍ਰਭਦੀਪ ਸਿੰਘ ਨੱਥੋਵਾਲ, ਐੱਸ ਐੱਚ ਓ ਸਿਟੀ-2 ਖੰਨਾ ਇੰਸਪੈਕਟਰ ਕੁਲਜਿੰਦਰ ਸਿੰਘ ਗਰੇਵਾਲ, ਵੇਰਕਾ ਮਿਲਟ ਪਲਾਂਟ ਲੁਧਿਆਣਾ ਦੇ ਡਿਪਟੀ ਮੈਨੇਜਰ ਧਰਮਿੰਦਰ ਸਿੰਘ ਗਰੇਵਾਲ ਤੇ ਦਾਦ ਪਿੰਡ ਤੋਂ ਸਰਪੰਚ ਜਗਦੀਸ਼ ਪਾਲ ਸਿੰਘ ਗਰੇਵਾਲ ਹਾਜ਼ਰ ਸਨ।

# ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਮੁੱਖ ਇੰਜੀਨੀਅਰ ਲੋਕ ਨਿਰਮਾਣ ਨਾਲ ਮੀਟਿੰਗ



**ਪਟਿਆਲਾ (ਪੱਤਰ ਪ੍ਰੇਰਕ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੀ ਮੀਟਿੰਗ ਪੰਜਾਬ ਲੋਕ ਨਿਰਮਾਣ ਵਿਭਾਗ (ਇਮਾਰਤਾ ਤੇ ਸੜਕਾਂ) ਦੇ ਮੁੱਖ ਇੰਜੀਨੀਅਰ ਸ੍ਰੀ ਵਿਜੈ ਕੁਮਾਰ ਚੋਪੜਾ ਨਾਲ ਹੋਈ, ਮੀਟਿੰਗ ਵਿੱਚ ਨਿਗਰਾਨ ਇੰਜੀਨੀਅਰ ਵਿਕਾਸ ਗਰਗ, ਸੁਪਰਡੈਂਟ ਇੰਦਰਪਾਲ ਸਿੰਘ ਤੇ ਚਰਨਪਾਲ ਸਿੰਘ ਮੀਟਿੰਗ ਵਿੱਚ ਵਿਭਾਗ ਦੇ 2020 ਦੇ ਪੁਨਰਗਠਨ ਸਮੇਂ ਚੌਥਾ ਦਰਜਾ ਕਰਮਚਾਰੀਆਂ ਤੇ ਡਰਾਇਵਰ ਸਟਾਫ ਦੀ ਖਤਮ ਕੀਤੀ ਅਸਾਮੀਆਂ ਨੂੰ ਸਰਕਾਰ ਦੇ ਪੱਤਰ 21 ਅਕਤੂਬਰ 2021 ਦੀ ਰੋਸ਼ਨੀ ਵਿੱਚ ਮੁੜ ਸੁਰਜੀਤ ਕਰਨ ਤੇ ਇਨ੍ਹਾਂ ਅਸਾਮੀਆਂ 'ਤੇ ਨਵੀਂ ਰੈਗੂਲਰ ਭਰਤੀ ਕਰਨ 'ਤੇ ਸਹਿਮਤੀ ਹੋਈ। ਵਿਭਾਗ ਵਿਚਲੇ ਵਿੱਦਿਅਕ ਯੋਗਤਾ ਰੱਖਦੇ ਚੌਥਾ ਦਰਜਾ ਕਰਮਚਾਰੀਆਂ ਨੂੰ ਪੱਦ ਉਨਤੀ ਦੇਣ ਦਾ ਫੈਸਲਾ ਹੋਇਆ। ਬਿਜਲੀ ਵਿੰਗ ਤੇ ਮਕੈਨਿਕ ਵਿੰਗ ਵਿੱਚ ਟੈਕਨੀਕਲ ਅਸਾਮੀਆਂ 'ਤੇ ਪਦ ਉਨਤੀ ਤੇ ਟੈਕਨੀਕਲ ਕਰਮਚਾਰੀਆਂ ਨੂੰ ਕਨਵੈਨਸ਼ਨ ਅਲਾਊਂਸ ਦੇਣ ਸਮੇਤ ਸੀਨੀਆਰਤਾ ਸੂਚੀਆਂ ਬਣਾਉਣ ਤੇ ਦਰਜਾਚਾਰ ਤੋਂ ਟੈਸਟ ਲੈਣਾ ਬੰਦ ਕਰਨ ਅਤੇ ਟੈਕਨੀਸ਼ਨ ਸਮੇਤ ਕੈਟਾਗਰੀਜ਼ ਨੂੰ ਕੰਨਵੇਂਸ ਅਲਾਊਂਸ ਤੇ ਤਰੱਕੀ ਦੇਣ ਆਦਿ 'ਤੇ ਵੀ ਸਹਿਮਤੀ ਹੋਈ ਅਤੇ ਖੇਤਰੀ ਦਫਤਰਾਂ 'ਚ ਖਾਲੀ ਪਈਆਂ ਪਦ-ਉਨਤੀਆਂ ਦੀਆਂ ਅਸਾਮੀਆਂ ਨੂੰ ਭਰਨ ਲਈ ਖੇਤਰੀ ਦਫਰਤਾਂ ਨੂੰ ਹਦਾਇਤਾਂ ਕੀਤੀਆਂ ਜਾਣਗੀਆਂ। ਇਸੇ ਤਰ੍ਹਾਂ ਵਿਭਾਗ 'ਚ ਕੰਟਰੈਕਟ/ਆਊਟ ਸੋਰਸ ਕਰਮੀਆਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਇਨ੍ਹਾਂ ਦੀਆਂ ਸੇਵਾਵਾਂ ਜਾਰੀ ਰੱਖਣ ਦੀਆਂ ਮੰਗਾਂ ਵੀ ਵਿਚਾਰਨ ਦਾ ਭਰੋਸਾ ਦਿੱਤਾ ਗਿਆ।

ਮੀਟਿੰਗ ਵਿੱਚ ਯੂਨੀਅਨ ਤੇ ਫੈਡਰੇਸ਼ਨ ਵੱਲੋਂ ਦਰਸ਼ਨ ਸਿੰਘ ਲੁਬਾਣਾ, ਉਂਕਾਰ ਸਿੰਘ ਦਮਨ, ਮੋਧ ਨਾਥ ਸ਼ਰਮਾ, ਨਿਸ਼ਾ ਰਾਣੀ, ਕਰਨੈਲ ਚੰਦ, ਹਰਨਾਮ ਸਿੰਘ, ਹਰਬੰਸ ਸਿੰਘ, ਪ੍ਰਕਾਸ਼ ਸਿੰਘ ਲੁਬਾਣਾ, ਬਲਬੀਰ ਸਿੰਘ ਆਦਿ ਆਗੂ ਸ਼ਾਮਲ ਹੋਏ।

CMYK

